
ISSN 0972-2335

# ਅੰਮ੍ਰਿਤ ਕੀਰਤਨ

ਸਤੰਬਰ 2017




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ


## ਪ੍ਰੀਤਮ ਕਿਵੇਂ ਰਿਝਾਵਾਂ?

ਮੈਂ ਭੁੱਲੀ ਮੈਂ ਭਟਕ ਰਹੀ ਹਾਂ,
ਦਸੋ ਪ੍ਰੀਤਮ ਦਾ ਦਰ ਕਿਹੜਾ।

ਜਿਸ ਗੱਲੋਂ ਹਾਏ ਪ੍ਰੀਤਮ ਰੀਝੇ,
ਵੇਸ ਬਣਾਈ ਤਿਹੜਾ।

ਹੋਇ ਨਿਮਾਣੀ ਆਤੁਰ ਖੜੀਆਂ,
ਕਿਹੜੀ ਗਲੋਂ ਕਬੂਲੇ।

ਗਦ-ਗਦ ਹੋਵਾਂ ਦਰਸ਼ਨ ਪਾਕੇ,
ਮੰਨ ਵਿੱਚ ਆਵੇ ਖੇੜਾ।



## प्रीतम किवें रिझावां?

मैं भुल्ली मैं भटक रही हां,
दस्सो प्रीतम दा दर किहड़ा।

जिस गल्लों हाय प्रीतम रीझे,
वेस बणाई तिहड़ा।

होय निमानी आतुर खड़ी हां,
केहड़ी गलों कबूले।

गद - गद होवां द िन पा के,
मन विच्च आवे खेड़ा।

ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**
ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**



- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ 'ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ-



ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : www.amritkirtan.com



Typesetting & Design
ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,
ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ
ਫੋਨ : 0172-2216283, 98150-72197


# ਇਸ ਅੰਕ ਵਿਚ


ਸੰਪਾਦਕੀ : ਕਰਉ ਬੇਨੰਤੀਆ 4
ਹਸਤਾਖਰ - ਭਾਈ ਜਸਵੰਤ ਸਿੰਘ ਰਾਗੀ

ਆਦਰਸ਼ ਕੀਰਤਨੀਏ ਦੇ ਗੁਣ 6
ਡਾ. ਜਾਗੀਰ ਸਿੰਘ

ਗੁਰੂ ਨਾਨਕ ਦੇਵ ਜੀ ਕੀਰਤਨੀਏ 9
ਭਾਈ ਸਹਿਜਾਦਾ ਤੇ ਭਾਈ ਦਾਲਾ ਜੀ
ਡਾ. ਗੁਰਨਾਮ ਸਿੰਘ ਜੀ

ਸਰਗਮ -ਭਾਗ ਪਹਿਲਾ -ਰੇ 12
ਨਾਵਲ - ਗੁਰਮੁਖ ਸਿੰਘ ਸਹਿਗਲ

**तबला – वादन का पंजाब घराना 16**

ਸੁਰ ਲਿਪੀ, ਰਾਗ ਸੂਰਦਾਸੀ ਮਲ੍ਹਾਰ 23
ਗੁਰਬਖ਼ਸ਼ ਸਿੰਘ (ਕਰਤਾ ਰਾਗਾਂਜਲੀ)




## ਮਾਇਕ ਸਹਾਇਤਾ ਭੇਜਣ ਲਈ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC:STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05- 2008 valid up to 31/03/2012 and now valid in perpetuity.

Cheque should be sent in the name of AMRIT KIRTAN TRUST payable at chandigarh. Donations also can be sent by money order





## ਹਸਤਾਖਰ

ਭਾਈ ਜਸਵੰਤ ਸਿੰਘ ਰਾਗੀ

ਪਿਛਲੇ ਦਿਨੀਂ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਜੀ ਬਾਰੇ ਲਿਖੀ ਪੁਸਤਕ ਪ੍ਰਾਪਤ ਹੋਈ। ਇਹ ਪੁਸਤਕ ਭਾਈ ਸਾਹਿਬ ਦੀ ਨੂੰਹ ਰਾਣੀ ਬੀਬੀ ਕਿਰਨਦੀਪ ਕੌਰ ਨੇ ਲਿਖੀ ਹੈ। ਇਸ ਪੁਸਤਕ ਦੀ ਛਪਾਈ ਅਤੇ ਦਿੱਖ ਬਹੁਤ ਆਕਰਸ਼ਕ ਹੈ। ਇਸ ਨੂੰ ਜਿਸ ਸ਼ਰਧਾ ਨਾਲ ਪ੍ਰਕਾਸ਼ਿਤ ਕੀਤਾ ਹੈ ਉਸ ਲਈ ਇਸਦੀ ਜਿਤਨੀ ਵੀ ਸ਼ਲਾਘਾ ਕੀਤੀ ਜਾਵੇ ਥੋਹੜੀ ਹੈ। ਕੀਰਤਨੀਆਂ

ਬਾਰੇ ਅਜੇਹੀਆਂ ਪੁਸਤਕਾਂ ਘਟ ਹੀ ਮਿਲਦੀਆਂ ਹਨ। ਭਾਈ ਜਸਵੰਤ ਸਿੰਘ ਜੀ ਪੰਥ ਪ੍ਰਸਿਧ ਕੀਰਤਨੀਏ ਭਾਈ ਪਿਆਰਾ ਸਿੰਘ ਜੀ ਦੇ ਸਪੁੱਤਰ ਹਨ। ਭਾਈ ਪਿਆਰਾ ਸਿੰਘ ਜੀ ਦਾ ਸਾਡੇ ਪਰਿਵਾਰਾਂ ਵਿੱਚ ਵਿਸ਼ੇਸ਼ ਸਤਿਕਾਰ ਕੀਤਾ ਜਾਂਦਾ ਰਿਹਾ ਹੈ। ਮੈਨੂੰ ਆਪਣੇ ਬਚਪਨ ਦੀਆਂ ਯਾਦਾਂ ਆਉਂਦੀਆਂ ਹਨ ਤਾਂ ਯਾਦ ਆਉਂਦਾ ਹੈ ਜਦੋਂ ਸਾਡੇ ਪਿੰਡ ( ਬਪਰੌਰ, ਤਹਿਸੀਲ ਰਾਜਪੁਰਾ, ਜ਼ਿਲਾ ਪਟਿਆਲਾ) ਦਾ ਮਸ਼ਹੂਰ ਰਾਗੀ ਜਥਾ ਭਾਈ ਮਾਨ ਸਿੰਘ ਪੰਛੀ ਇਹਨਾਂ ਨਾਲ ਵਾਜੇ ਤੇ ਭਾਈ ਧਿਆਨ ਸਿੰਘ ਅਤੇ ਤਬਲੇ ਮਾਸਟਰ ਦੀਵਾਨ ਸਿੰਘ ਹੁੰਦੇ ਸਨ। ਇਹ ਰਾਗੀ ਜਥਾ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਵਿਖੇ ਕੀਰਤਨ ਕਰਦਾ ਸੀ। ਜਦੋਂ ਭਾਈ ਪਿਆਰਾ ਸਿੰਘ ਪਟਿਆਲਾ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਕੀਰਤਨ ਕਰਨ ਲੱਗੇ ਤਾਂ ਭਾਈ ਧਿਆਨ ਸਿੰਘ ਉਹਨਾਂ ਨਾਲ ਕੀਰਤਨ ਕਰਨ ਚਲੇ ਗਏ। ਉਹਨਾਂ ਦੀ ਥਾਂ ਤੇ ਮੇਰੇ ਪਿਤਾ ਜੀ ਭਾਈ ਉੱਤਮ ਸਿੰਘ ਪਤੰਗ ਕੀਰਤਨ ਕਰਨ ਲੱਗ ਪਏ। ਮੈਂ ਉਦੋਂ ਗੁਰਦੁਆਰਾ ਮੰਜੀ ਸਾਹਿਬ ਦੇ ਸਕੂਲ ਵਿੱਚ ਪਹਿਲੀ ਜਮਾਤ ਵਿੱਚ ਪੜ੍ਹਦਾ ਸਾਂ। ਮਾਸਟਰ ਦੀਵਾਨ ਸਿੰਘ ਪ੍ਰਸਿੱਧ ਤਬਲਾ ਨਵਾਜ਼ ਮੀਆਂ ਕਾਦਰ ਬਖਸ਼ ਦੇ ਸ਼ਾਗਿਰਦ ਸਨ। ਆਟੇ ਵਾਲੇ ਧਾਮੇ ਅਤੇ ਚੌੜੇ ਉੱਚੇ ਤਬਲੇ ਤੇ ਉਹਨਾਂ ਦੇ ਸਾਥ ਦੀਆਂ ਗੂੰਜਾਂ ਅਜੇ ਵੀ ਚੇਤੇ ਵਿੱਚ ਹਨ। ਮਾਸਟਰ ਦੀਵਾਨ ਸਿੰਘ ਗਤਕੇ ਦੇ ਵੀ ਮਾਹਿਰ ਸਨ। ਜਦੋਂ ਵੀ ਗੁਰਪੁਰਬ ਤੇ ਨਗਰ ਕੀਰਤਨ ਹੁੰਦਾ ਤਾਂ ਮਾਸਟਰ ਦੀਵਾਨ ਸਿੰਘ ਜੀ ਗਤਕੇ ਦੇ ਜੌਹਰ ਵੀ ਵਿਖਾਂਦੇ ਸਨ। ਕਿਸੇ ਚੌਕ ਵਿੱਚ ਸਾਡੇ ਪਿਤਾ ਜੀ ਭਾਈ ਉੱਤਮ ਸਿੰਘ ਪਤੰਗ ਵੀ ਤਲਵਾਰ ਬਾਜ਼ੀ ਕਰਦੇ ਸਨ। ਮਾਸਟਰ ਦੀਵਾਨ ਸਿੰਘ ਜੀ ਦੀ ਯਾਦ ਵਿੱਚ ਅੰਬਾਲੇ ਵਿਖੇ ਅਜੇ ਵੀ ਗਤਕਾ ਜਥਾ ਕਾਇਮ ਹੈ। ਕਿਸੇ ਗੁਰਪੁਰਬ ਤੇ ਜਦੋਂ ਕੀਰਤਨ ਪ੍ਰੋਗਰਾਮ ਰਿਲੇ ਹੁੰਦਾ ਤਾਂ ਸਾਡੇ ਪਿਤਾ ਜੀ ਭਾਈ ਪਿਆਰਾ ਸਿੰਘ ਜੀ ਦਾ ਕੀਰਤਨ ਆਪ ਸੁਣਦੇ ਤੇ ਸਾਨੂੰ ਵੀ ਸੁਣਨ ਲਈ ਕਹਿੰਦੇ। 1967 ਵਿੱਚ ਜਦੋਂ ਮੈਂ ਭਾਈ ਬਖਸ਼ੀਸ਼ ਸਿੰਘ ਜੀ ਨਾਲ ਸਹਾਇਕ ਰਾਗੀ ਦੇ ਤੌਰ ਤੇ ਕੀਰਤਨ ਕਰਨ ਲੱਗਾ ਉਦੋਂ ਭਾਈ ਪਿਆਰਾ ਸਿੰਘ ਅਤੇ ਭਾਈ ਬਖਸ਼ੀਸ਼ ਸਿੰਘ ਜੀ ਦਾ ਸੰਗਤਾਂ ਵਿੱਚ ਵਿਸ਼ੇਸ਼ ਸਤਿਕਾਰ ਸੀ। ਇੱਥੇ ਕੁਝ ਸਮਾਂ ਮੈਂ ਭਾਈ ਕਿਰਪਾਲ ਸਿੰਘ ਜੋ ਭਾਈ ਪਿਆਰਾ ਸਿੰਘ ਜੀ ਭਰਾ ਸਨ ਨਾਲ ਕੀਰਤਨ ਕਰਦਾ ਰਿਹਾ ਹਾਂ। ਭਾਈ ਪਿਆਰਾ ਸਿੰਘ ਜੀ ਨਿਵੇਕਲੀ ਸ਼ੈਲੀ ਦੇ ਕੀਰਤਨੀਏ ਸਨ। ਉਹਨਾਂ ਦੇ ਗਾਇਨ ਕੀਤੇ ਸ਼ਬਦ-ਪ੍ਰਭ ਡੋਰੀ ਹਾਥਿ ਤੁਮਾਰੇ- ਦੀ ਵਿਸ਼ੇਸ਼ ਫਰਮਾਇਸ਼ ਕੀਤੀ ਜਾਂਦੀ ਸੀ। ਭਾਈ ਜਸਵੰਤ ਸਿੰਘ ਜੀ ਨੇ ਭਾਈ ਪਿਆਰਾ ਸਿੰਘ ਜੀ ਦੀ ਕੀਰਤਨ ਸ਼ੈਲੀ ਨੂੰ ਇੰਨ ਬਿੰਨ ਸੰਭਾਲਣ ਦਾ ਯਤਨ ਕੀਤਾ ਹੈ। ਭਾਈ ਜਸਵੰਤ ਸਿੰਘ ਜੀ ਬਾਰੇ ਇਹ ਪੁਸਤਕ ਜਿਥੇ ਉਹਨਾਂ ਦੇ ਜੀਵਨ ਬਾਰੇ ਚਾਨਣਾ ਪਾਉਂਦੀ ਹੈ ਉਥੇ ਗੁਰਦੁਆਰਾ ਪ੍ਰਬੰਧ ਬਾਰੇ ਯਥਾਰਥਕ ਵੇਰਵੇ ਪੇਸ਼ ਕਰਦੀ ਹੈ। ਇਸ ਵਿੱਚ ਪੇਸ਼ ਤਸਵੀਰਾਂ ਬਹੁਤ ਮਹੱਤਵਪੂਰਨ ਹਨ। ਆਪ੍ਰੇਸ਼ਨ ਬਲੂ ਸਟਾਰ ਸਮੇਂ ਦੇ ਹਾਲਾਤ ਵਰਣਨ ਤੋਂ ਇਹ ਪੁਸਤਕ ਇੱਕ ਤਰ੍ਹਾਂ ਨਾਲ ਇਤਿਹਾਸਕ ਦਸਤਾਵੇਜ਼ ਕਹੀ ਜਾ ਸਕਦੀ ਹੈ। ਇਸ ਪੁਸਤਕ ਵਿੱਚ ਕੀਰਤਨ ਦੇ ਸ਼ਰਧਾਲੂਆਂ ਦੀ ਸ਼ਰਧਾ ਦਾ ਵੀ ਭਰਪੂਰ ਵੇਰਵਾ ਵੀ ਮਿਲਦਾ ਹੈ। ਭਾਈ ਜਸਵੰਤ ਸਿੰਘ ਜੀ ਦਾ ਜੀਵਨ ਪੜ੍ਹਨ ਤੋਂ ਆਮ ਰਾਗੀਆਂ ਦਾ ਜੀਵਨ ਵੀ ਝਲਕਾਰੇ ਮਾਰਦਾ ਦਿਸਦਾ ਹੈ। ਭਾਈ ਸਾਹਿਬ ਜੀ ਦੇ ਜੀਵਨ ਵਿੱਚੋਂ ਨਿਮਰਤਾ, ਕੀਰਤਨ ਪ੍ਰਤੀ ਸ਼ਰਧਾ, ਸੰਗਤ ਨਾਲ ਲਗਾਉ ਆਦਿ ਅਨੇਕਾਂ ਗੁਣ ਪ੍ਰਗਟ ਹੁੰਦੇ ਹਨ ਜਿਹਨਾਂ ਦੀ ਅਜੋਕੇ ਨੌਜੁਆਨ ਕੀਰਤਨੀਆਂ ਨੂੰ ਵਿਸ਼ੇਸ਼ ਲੋੜ ਹੈ। ਇਹ ਪੁਸਤਕ ਪੜ੍ਹਨ ਨਾਲ ਅਜੋਕੇ ਕੀਰਤਨੀਆਂ ਨੂੰ ਵੀ ਸੇਧ ਪ੍ਰਾਪਤ ਹੋਵੇਗੀ। ਮੈਂ ਕਿਰਨਦੀਪ ਕੌਰ ਨੂੰ ਵਧਾਈ ਦਿੰਦਾ ਹਾਂ ਅਤੇ ਧੰਨਵਾਦ ਵੀ ਕਰਦਾ ਹਾਂ। ਮੈਨੂੰ ਜਾਪਦਾ ਹੈ ਜਿਹੜਾ ਕੰਮ ਮੈਨੂੰ ਕਰਨਾ ਚਾਹੀਦਾ ਸੀ ਇਸ ਨੂੰ ਉਹਨਾਂ ਬਾਖੂਬੀ ਪੂਰਾ ਕੀਤਾ ਹੈ। ਅਸੀਸ-ਅਸੀਸ

------ਜਾਗੀਰ ਸਿੰਘ



# ਆਦਰਸ਼ ਕੀਰਤਨੀਏ ਦੇ ਗੁਣ

ਡਾ. ਜਾਗੀਰ ਸਿੰਘ

ਕੀਰਤਨੀਆਂ ਇੱਕ ਵਿਸ਼ੇਸ਼ ਪ੍ਰਕਾਰ ਦਾ ਗਾਇਕ ਹੈ, ਇਸ ਲਈ ਉਸ ਵਿੱਚ ਗਾਇਕ ਦੇ ਗੁਣਾਂ ਦੇ ਨਾਲ ਨਾਲ ਕੁਝ ਹੋਰ ਗੁਣਾਂ ਦੀ ਵੀ ਲੋੜ ਹੁੰਦੀ ਹੈ। ਕੀਰਤਨੀਏ ਵਿੱਚ ਗਾਇਨ ਦੇ ਗੁਣ ਵੀ ਕੁਝ ਵਧੇਰੇ ਡੂੰਘੇ ਅਰਥਾਂ ਵਾਲੇ ਹੁੰਦੇ ਹਨ। ਆਦਰਸ਼ ਕੀਰਤਨੀਏ ਦੇ ਗੁਣਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:-

(ੳ) ਸੰਗੀਤ ਕਲਾ ਨਾਲ ਸੰਬੰਧਤ ਗੁਣ।
(ਅ) ਗੁਰਬਾਣੀ ਕੀਰਤਨ ਨਾਲ ਸੰਬੰਧਤ ਗੁਣ।
(ੲ) ਗੁਰਮਤਿ ਨਾਲ ਸੰਬੰਧਤ ਗੁਣ।

(ੳ) **ਸੰਗੀਤ ਕਲਾ ਨਾਲ ਸੰਬੰਧਤ ਗੁਣ :-** ਇਹਨਾਂ ਗੁਣਾਂ ਵਿੱਚ ਭਾਵੇਂ ਹਿੰਦੁਸਤਾਨੀ ਸੰਗੀਤ-ਸ਼ਾਸਤਰ ਦੇ ਗਾਇਕ ਦੇ ਗੁਣ ਵੀ ਸ਼ਾਮਲ ਹਨ, ਪਰ ਫਿਰ ਵੀ ਕੀਰਤਨੀਏ ਲਈ ਇਹਨਾਂ ਦੇ ਵਧੇਰੇ ਡੂੰਘੇ ਅਰਥ ਹਨ। ਇਹਨਾਂ ਗੁਣਾਂ ਵਿੱਚ ਪਹਿਲਾ ਗੁਣ ਹੈ ਕਿ ਆਦਰਸ਼ ਕੀਰਤਨੀਏ ਦੀ ਆਵਾਜ਼ ਸੁਰੀਲੀ ਹੁੰਦੀ ਹੈ।

1. ਸੁਰੀਲੀ ਆਵਾਜ਼ ਦਾ ਜੀਵਨ ਵਿੱਚ ਬੜਾ ਮਹੱਤਵ ਹੈ। ਗੁਰਬਾਣੀ ਵਿੱਚ ਜਿੱਥੇ ਕਿਤੇ ਆਦਰਸ਼ਕ ਸ਼ਖਸੀ ਗੁਣਾਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਹਨਾਂ ਵਿੱਚ ਸੁਰੀਲੀ, ਮਿੱਠੀ ਜਾਂ ਮਧੁਰ ਆਵਾਜ਼ ਦਾ ਵੀ ਜ਼ਿਕਰ ਕੀਤਾ ਗਿਆ ਹੈ:-

ਤੇਰਾ ਮੁਖੁ ਸੁਹਾਵਾ ਜੀਉ ਸਹਜਿ ਧੁਨਿ ਬਾਣੀ॥

..........................................

ਮੁਖੁ ਤੇਰੀ ਪਗਰੀ ਮੀਠੇ ਤੇਰੇ ਬੋਲ॥

..............................

ਕਵਲ ਨੈਨ ਮਧੁਰ ਬੈਨ॥

......................

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ॥

....................................

ਮਿਠ-ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ॥

..........................................

ਮਿੱਠੀ ਤੇ ਸੁਰੀਲੀ ਆਵਾਜ਼ ਵਾਲੇ ਕੀਰਤਨੀਏ ਨੂੰ ਭਾਵੇਂ, ਰਾਗਾਂ ਤਾਲਾਂ ਅਤੇ ਗੁਰਬਾਣੀ ਦੀ ਘੱਟ ਜਾਣਕਾਰੀ ਹੋਵੇ, ਪਰ ਉਸ ਦੇ ਕੀਰਤਨ ਦਾ ਸੁਰ ਠੀਕ ਹੋਵੇ ਤਾਂ ਕੀਰਤਨ ਦਾ ਵਧੇਰੇ ਪ੍ਰਭਾਵ ਪੈਂਦਾ ਹੈ। ਜੇ ਕੋਈ ਕੀਰਤਨੀਆਂ ਰਾਗ, ਤਾਲ ਅਤੇ ਬਾਣੀ ਪੱਖੋਂ ਵੱਡਾ ਵਿਦਵਾਨ ਹੈ ਤੇ ਉਸ ਦਾ ਸੁਰ ਠੀਕ ਨਹੀਂ ਉਸ ਦਾ ਕੀਰਤਨ ਪ੍ਰਭਾਵਹੀਣ ਹੁੰਦਾ ਹੈ। ਇਸ ਲਈ ਕੀਰਤਨੀਏ ਨੂੰ ਆਪਣੀ ਆਵਾਜ਼ ਦੀ ਸਾਂਭ-ਸੰਭਾਲ ਅਤੇ ਰਿਆਜ਼ ਰਾਹੀਂ ਸੁਰੀਲੇ ਬਣਾਉਣ ਦੇ ਯਤਨ ਕਰਨੇ ਚਾਹੀਦੇ ਹਨ।

ਸੁਰ ਦੀ ਕਿਸਮ ਹਰ ਕੀਰਤਨੀਏ ਦੀ ਆਪਣੀ-ਆਪਣੀ ਹੁੰਦੀ ਹੈ, ਪਰ ਉਸ ਵਿੱਚ ਰਿਆਜ਼ ਨਾਲ ਖ਼ਾਸ ਗੁਣ ਪੈਦਾ ਕੀਤਾ ਜਾ ਸਕਦਾ ਹੈ। ਉਸ ਦੀ ਆਵਾਜ਼ ਹਿਰਦੇ ਵਿੱਚੋਂ ਨਿਕਲਦੀ ਹੋਵੇ, ਉਸ ਵਿੱਚ ਖ਼ਾਸ ਤਰ੍ਹਾਂ ਦੀ ਗੂੰਜ ਹੋਵੇ, ਆਵਾਜ਼ ਫਿੱਕੀ ਨਾ ਹੋਵੇ, ਆਵਾਜ਼ ਨੱਕ ਵਿਚੋਂ ਨਿਕਲਦੀ ਨਾ ਜਾਪੇ। ਉਸ ਦੀ ਆਵਾਜ਼ ਤਿੰਨਾ ਸਪਤਕਾਂ ਵਿੱਚ ਆਸਾਨੀ ਨਾਲ ਲੱਗਦੀ ਹੋਵੇ।

ਇਸ ਪ੍ਰਕਾਰ ਆਦਰਸ਼ ਕੀਰਤਨੀਏ ਨੂੰ ਕੋਮਲ, ਸ਼ੁਧ, ਤੀਬਰ ਆਦਿ ਸੁਰਾਂ ਦਾ ਵੀ ਗਿਆਨ ਹੁੰਦਾ ਹੈ। ਸੁਰ ਨੂੰ ਸ਼ੁਰੂ ਕਰਨ ਅਤੇ ਖਤਮ ਕਰਨ ਦੀ ਜਾਚ ਵੀ ਆਉਂਦੀ ਹੋਵੇ।

2. ਆਦਰਸ਼ ਕੀਰਤਨੀਏ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤੇ ਰਾਗਾਂ ਤੋਂ ਇਲਾਵਾ ਹੋਰ ਰਾਗਾਂ ਦੀ ਜਾਣਕਾਰੀ ਵੀ ਹੁੰਦੀ ਹੈ। ਉਸ ਨੂੰ ਰਾਗਾਂ ਦੀਆਂ ਕਿਸਮਾਂ ਦੀ ਵੀ ਕਾਫੀ ਵਾਕਫ਼ੀਅਤ ਹੁੰਦੀ ਹੈ। ਉਹ ਅਧਿਐਨ ਕਰਕੇ ਰਾਗਾਂ ਦੇ ਸਰੂਪ, ਰਾਗਾਂ ਦੇ ਸਮੇਂ ਅਤੇ ਰਾਗਾਂ ਦੇ ਰਸ ਬਾਰੇ ਵੀ ਗਿਆਨ ਰੱਖਦਾ ਹੈ। ਇਸ ਨਾਲ ਉਸ ਦੀਆਂ ਗੀਤਾਂ ਵਿੱਚ ਵੰਨਸੁਵੰਨਤਾ, ਗੰਭੀਰਤਾ ਅਤੇ ਮੌਲਿਕਤਾ ਦਾ ਗੁਣ ਆਉਂਦਾ ਹੈ।

3. ਆਦਰਸ਼ ਕੀਰਤਨੀਏ ਦਾ ਲੈਅ ਉੱਤੇ ਵੀ ਕਾਬੂ ਹੁੰਦਾ ਹੈ। ਵਿਸ਼ੇਸ਼ ਅਭਿਆਸ ਨਾਲ ਉਹ ਪ੍ਰਚੱਲਿਤ ਤਾਲਾਂ ਤੋਂ ਇਲਾਵਾ ਅਪ੍ਰਚੱਲਿਤ ਤਾਲਾਂ ਅਤੇ ਪੜਤਾਲਾਂ ਦਾ ਗਿਆਨ ਵੀ ਰੱਖਦਾ ਹੈ, ਜਿਸ ਨਾਲ ਉਸ ਦੇ ਕੀਰਤਨ ਵਿੱਚ ਗੰਭੀਰਤਾ ਅਤੇ ਵੰਨਸੁਵੰਨਤਾ ਆਉਂਦੀ ਹੈ।

4. ਆਦਰਸ਼ ਕੀਰਤਨੀਆਂ ਅਲੰਕਾਰਾਂ ਅਤੇ ਤਾਨਾਂ ਦਾ ਵੀ ਅਭਿਆਸ ਕਰਦਾ ਰਹਿੰਦਾ ਹੈ। ਤਾਨਾਂ ਅਤੇ ਅਲੰਕਾਰ ਕੀਰਤਨ ਵਿੱਚ ਵਿਖਾਵੇ ਲਈ ਹੀ ਨਹੀਂ ਹੁੰਦੇ, ਸਗੋਂ ਵਿਸ਼ੇਸ਼ ਸ਼ਬਦਾਂ ਦੇ ਗਾਇਨ ਸਮੇਂ ਭਾਵ ਅਨੁਸਾਰ ਤੁਕਾਂ ਦੇ ਉਚਾਰਨ ਵਿੱਚ ਆਪਣੇ-ਆਪ ਇਹਨਾਂ ਤਾਨਾਂ ਅਤੇ ਅਲੰਕਾਰਾਂ ਤੇ ਆਧਾਰਿਤ ਸੁਰ-ਸੰਗਤੀਆਂ ਜੜੀਆਂ ਜਾਂਦੀਆਂ ਹਨ। ਜੇ ਅਭਿਆਸ ਨਾਲ ਇਹ ਸਾਰਾ ਕੁਝ ਸਾਧਿਆ ਹੋਵੇ ਤਾਂ ਤਾਨਾਂ ਨੂੰ ਵੱਖਰੇ ਰੂਪ ਵਿੱਚ ਜੋੜਨ ਦੀ ਲੋੜ ਨਹੀਂ ਰਹਿੰਦੀ।

(ਅ) ਗੁਰਬਾਣੀ ਕੀਰਤਨ ਨਾਲ ਸੰਬੰਧਤ ਗੁਣ:- ਗੁਰਬਾਣੀ ਦਾ ਆਦਰਸ਼ ਕੀਰਤਨੀਆਂ ਸੰਗੀਤ ਨਾਲ ਸੰਬੰਧਤ ਗੁਣਾਂ ਦਾ ਅਭਿਆਸ ਸ਼ਰਧਾ ਨਾਲ ਕਰਦਾ ਹੈ। ਉਸ ਦੇ ਮਨ ਵਿੱਚ ਇਹ ਭਾਵਨਾ ਹੁੰਦੀ ਹੈ ਕਿ ਉਹ ਆਪਣੇ ਪਿਆਰੇ ਪ੍ਰਮਾਤਮਾ ਨੂੰ ਚੰਗਾ ਕੀਰਤਨ ਸੁਣਾਵੇ, ਇਸ ਲਈ ਇਸ ਕੀਰਤਨ ਵਿੱਚ ਸ਼ਰਧਾ ਅਤੇ ਪ੍ਰੇਮ ਨਾਲ ਅਭਿਆਸ ਕਰਨ ਦੀ ਲੋੜ ਹੁੰਦੀ ਹੈ। ਭਾਵ ਇਸ ਸਾਰੇ ਕੁਝ ਨੂੰ ਵੀ ਸੇਵਾ ਸਮਝ ਕੇ ਕਰਨਾ ਹੁੰਦਾ ਹੈ ਫਿਰ ਵੀ ਹੇਠ ਲਿਖੇ ਗੁਣਾਂ ਦਾ ਵਿਸ਼ੇਸ਼ ਮਹੱਤਵ ਹੈ:-

1. ਉਸ ਨੂੰ ਗੁਰਬਾਣੀ, ਕੀਰਤਨ ਦੀ ਸ਼ੈਲੀ ਦਾ ਪੂਰਾ ਗਿਆਨ ਹੁੰਦਾ ਹੈ। ਕਿਉਂਕਿ ਗੁਰਬਾਣੀ ਕੀਰਤਨ ਦੀ ਸ਼ੈਲੀ ਨਾ ਨਿਰੋਲ ਖਿਆਲ ਸ਼ੈਲੀ ਹੈ, ਨਾ ਧਰੁਪਦ ਸ਼ੈਲੀ, ਨਾ ਭਜਨ ਸ਼ੈਲੀ

ਅਤੇ ਨਾ ਹੀ ਨਿਰੋਲ ਲੋਕ-ਗਾਇਕੀ ਦੀ ਸ਼ੈਲੀ ਹੈ, ਸਗੋਂ ਇਹ ਇਹਨਾਂ ਸਾਰਿਆਂ ਦਾ ਸੁਮੇਲ ਹੈ। ਇਸ ਦੀ ਸ਼ੰਦਸ਼ ਭਾਰਤੀ ਰਾਗਾਂ ਦੇ ਨਾਲ-ਨਾਲ ਗੁਰਬਾਣੀ ਵਿੱਚ ਦਰਜ ਮਿਸ਼ਰਤ ਰਾਗ, ਲੋਅ ਅਤੇ ਪੇਸ਼ਕਾਰੀ-ਭਜਨ ਸ਼ੈਲੀ ਵਾਲੀ ਅਤੇ ਤਾਲ ਕਿਤੇ-ਕਿਤੇ ਕਾਵਿ-ਰੂਪ ਅਨੁਸਾਰ ਲੋਕ ਸ਼ੈਲੀ ਵਾਲੇ ਹਨ। ਆਦਰਸ਼ ਕੀਰਤਨੀਏ ਨੂੰ ਇਹਨਾਂ ਸਾਰੀਆਂ ਸ਼ੈਲੀਆਂ ਦਾ ਗਿਆਨ ਹੁੰਦਾ ਹੈ। ਇਹਨਾਂ ਵਿੱਚੋਂ ਉਹ ਕੀਰਤਨ ਸ਼ੈਲੀ ਨੂੰ ਨਿਖੇੜ ਸਕਦਾ ਹੈ। ਇਸ ਲਈ ਉਹ ਪੁਰਾਤਨ ਕੀਰਤਨੀਆਂ ਦੀ ਕੀਰਤਨ ਸ਼ੈਲੀ ਨੂੰ ਪੜ੍ਹਦਾ ਅਤੇ ਸੁਣਦਾ ਰਹਿੰਦਾ ਹੈ।

2. ਆਦਰਸ਼ ਕੀਰਤਨੀਆਂ ਨਿਰਧਾਰਿਤ ਰਾਗਾਂ ਅਨੁਸਾਰ ਕੀਰਤਨ ਕਰੇ। ਅਰਥਾਤ ਜੇ ਕਿਸੇ ਸ਼ਬਦ ਉੱਪਰ ਰਾਗ ਦਾ ਨਾਮ ਲਿਖਿਆ ਹੈ ਅਤੇ ਉਹ ਰਾਗ ਸਮੇਂ ਦੇ ਵੀ ਅਨੁਕੂਲ ਹੈ ਤਾਂ ਉਹ ਉਸ ਰਾਗ ਅਨੁਸਾਰ ਕੀਰਤਨ ਕਰਦਾ ਹੈ। ਪਰ ਜੇ ਉਸ ਨੇ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੇ ਰਾਗ ਵਿੱਚ ਕੀਰਤਨ ਕਰਨਾ ਹੈ ਤਾਂ ਉਹ ਉਹਨਾਂ ਸ਼ਬਦਾਂ ਦੀ ਚੋਣ ਕਰਦਾ ਹੈ, ਜਿਹਨਾਂ ਉੱਪਰ ਰਾਗ ਦਾ ਸੰਕੇਤ ਨਹੀਂ ਦਿੱਤਾ ਹੋਇਆ।

3. ਆਦਰਸ਼ ਕੀਰਤਨੀਆਂ ਵਿਸ਼ੇਸ਼ ਰੁੱਤਾਂ ਅਨੁਸਾਰ ਵੀ ਰਾਗਾਂ ਦਾ ਧਿਆਨ ਰੱਖ ਕੇ ਕੀਰਤਨ ਕਰਦਾ ਹੈ। ਜਿਵੇਂ ਬਸੰਤ ਰੁੱਤ ਵਿੱਚ, ਉਹ ਬਸੰਤ ਰਾਗ ਦਾ ਸ਼ਬਦ ਗਾਇਨ ਕਰਦਾ ਹੈ ਅਤੇ ਲੋੜ ਅਨੁਸਾਰ ਬਸੰਤ ਕੀ ਵਾਰ ਵਿੱਚੋਂ ਪਉੜੀ ਦਾ ਗਾਇਨ ਵੀ ਕਰਦਾ ਹੈ। ਇਸੇ ਤਰ੍ਹਾਂ ਵਰਖਾ ਰੁੱਤ ਵਿੱਚ ਉਹ ਮਲਾਰ, ਸਾਰੰਗ ਆਦਿ ਰਾਗਾਂ ਵਿੱਚ ਕੀਰਤਨ ਕਰਦਾ ਹੈ।

4. ਆਦਰਸ਼ ਕੀਰਤਨੀਆਂ ਸ਼ਬਦ ਦੀ ਰੀਤ ਗਾਇਨ ਕਰਨ ਸਮੇਂ ਜੇ ਕਿਸੇ ਸ਼ਬਦ ਵਿੱਚ 'ਰਹਾਉ' ਦੀ ਤੁਕ ਦਿੱਤੀ ਹੈ ਤਾਂ ਉਸ ਨੂੰ ਸਥਾਈ ਬਣਾਉਂਦਾ ਹੈ। ਉਹ ਅੰਤਰੇ ਵੀ ਜਿਵੇਂ ਕਿਸੇ ਸ਼ਬਦ ਵਿੱਚ ਦਿੱਤੇ ਹਨ ਉਸੇ ਤਰ੍ਹਾਂ ਹੀ ਗਾਇਨ ਕਰਦਾ ਹੈ। ਜਿਵੇਂ ਹੇਠ ਦਿੱਤੇ ਸ਼ਬਦ ਵਿੱਚ ਰਹਾਉ ਦੀ ਤੁਕ ਸਥਾਈ ਹੈ:-

ਮੇਰੇ ਸਾਹਿਬਾ ਕਉਣ ਜਾਣੈ ਗੁਣ ਤੇਰੇ॥
ਕਹੇ ਨਾ ਜਾਨੀ ਅਉਗਣ ਮੇਰੇ॥

ਇਸ ਸ਼ਬਦਾਂ ਵਿੱਚ ਦੋ ਤੁਕਾਂ ਦਾ ਅੰਤਰਾ ਹੈ:-

ਕਵਿ ਕੀ ਮਾਈ ਬਾਪ ਕਤ ਕੇਰਾ, ਕਿਦੂ ਥਾਵਹੁ ਹਮ ਆਏ॥
ਅਗਨ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮ ਉਪਾਏ॥

ਇਥੇ ਅੰਤਰੇ ਦੀਆਂ ਤੁਕਾਂ ਗਾਇਨ ਕਰਨ ਤੋਂ ਬਾਦ ਸਥਾਈ ਗਾਉਣੀ ਹੈ।

ਹੇਠ ਲਿਖੇ ਸ਼ਬਦਾ ਵਿੱਚ ਤਿੰਨ ਤੁਕਾਂ ਦਾ ਅੰਤਰਾ ਹੈ:

ਸਭੇ ਥੋਕ ਪਰਾਪਤੇ ਜੇ ਆਵੈ ਇਕ ਹਥਿ॥
ਜਨਮ ਪਦਾਰਥ ਸਫਲ ਹੈ ਜੇ ਸਚਾ ਸ਼ਬਦ ਕਥਿ॥
ਗੁਰ ਤੇ ਮਹਲ ਪਰਾਪਤੇ ਜਿਸ ਲਿਖਿਆ ਹੋਵੈ ਮਥਿ॥

ਇੱਥੇ ਇਹ ਤਿੰਨ ਤੁਕਾਂ ਦਾ ਅੰਤਰਾ ਗਾਇਨ ਕਰਕੇ, ਫਿਰ ਇਹ ਸਥਾਈ ਗਾਉਣੀ ਹੈ:-

ਮੇਰੇ ਮਨ ਏਕਸ ਸਿਉ ਚਿਤਿ ਲਾਇ॥
ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ॥

ਹੇਠ ਲਿਖੇ ਸ਼ਬਦ ਵਿੱਚ ਚਾਰ ਚਾਰ ਤੁਕਾਂ ਦੇ ਅੰਤਰੇ ਹਨ:-

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥
ਲਾਗੂ ਹੋਇ ਦੁਸਮਨਾ ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥

ਇਹਨਾਂ ਚਾਰ ਤੁਕਾਂ ਦਾ ਅੰਤਰੇ ਵਜੋਂ ਗਾਇਨ ਕਰਨ ਤੋਂ ਬਾਅਦ, ਇਹ ਸਥਾਈ ਗਾਇਨ ਕਰਨੀ ਹੈ:-

ਸਾਹਿਬੁ ਨਿਤਾਣਿਆ ਕਾ ਤਾਣੁ॥
ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚਿ ਜਾਣੁ॥

ਇਸ ਤਰ੍ਹਾਂ ਲਗਭਗ ਹਰ ਸ਼ਬਦ ਵਿੱਚ ਸਥਾਈ ਤੇ ਅੰਤਰੇ ਸਪੱਸ਼ਟ ਦਿੱਤੇ ਹਨ। ਇਹ ਸਾਰਾ ਕੁਝ ਭਾਵ ਅਨੁਸਾਰ ਹੈ। ਆਦਰਸ਼ ਕੀਰਤਨੀਆਂ ਇਹਨਾਂ ਨੂੰ ਸਹੀ ਢੰਗ ਨਾਲ ਗਾ ਕੇ ਠੀਕ ਪ੍ਰਭਾਵ ਪੈਦਾ ਕਰਦਾ ਹੈ।

5. ਆਦਰਸ਼ ਕੀਰਤਨੀਆਂ ਗੁਰਬਾਣੀ ਦਾ ਉਚਾਰਨ ਸ਼ੁੱਧ ਕਰਦਾ ਹੈ। ਭਾਵੇਂ ਗੁਰਬਾਣੀ ਦੀਆਂ ਲਗਾਂ-ਮਾਤਰਾਂ ਪੁਰਾਤਨ ਢੰਗ ਨਾਲ ਲੱਗੀਆਂ ਹੋਈਆਂ ਹਨ, ਪਰ ਫਿਰ ਵੀ ਇਸ ਦੀ ਖਾਸ ਉਚਾਰਨ ਵਿਧੀ ਪ੍ਰਚੱਲਤ ਅਤੇ ਪ੍ਰਵਾਣਿਤ ਹੈ। ਗੁਰਬਾਣੀ ਦੇ ਉਚਾਰਨ ਵਿੱਚ ਮੁਖ ਦੋਸ਼ ਪੰਜਾਬ ਦੇ ਉਪ-ਭਾਸ਼ਾਈ ਇਲਾਕਿਆਂ ਦੇ ਪ੍ਰਭਾਵ ਕਰਕੇ ਹੁੰਦਾ ਹੈ, ਜਿਵੇਂ ਜੇ ਕੀਰਤਨੀਆਂ 'ਬਿਰਖ' ਨੂੰ 'ਵਿਰਖ' ਬੋਲਦਾ ਹੈ, 'ਵਾਹਿਗੁਰੂ' ਨੂੰ ਬੈਹਗੁਰੂ ਜਾਂ ਬਾਹਿਗੁਰੂ ਬੋਲਦਾ ਹੈ ਅਤੇ 'ਜੀਵਾਂ' ਨੂੰ ਜੀਆਂ ਬੋਲਦਾ ਹੈ ਤਾਂ ਇਹ ਉਚਾਰਨ ਦੋਸ਼ ਹਨ। ਅਭਿਆਸ ਨਾਲ ਹੀ ਇਹਨਾਂ ਦੋਸ਼ਾਂ ਨੂੰ ਦੂਰ ਕੀਤਾ ਜਾ ਸਕਦਾ ਹੈ।

6. ਗੁਰਬਾਣੀ ਦੀਆਂ ਤੁਕਾਂ ਉਚਾਰਨ ਸਮੇਂ ਆਦਰਸ਼ ਕੀਰਤਨੀਆਂ ਠੀਕ ਥਾਂ ਵਿਸ਼ਰਾਮ ਦਿੰਦਾ ਹੈ, ਕਿਉਂਕਿ ਵਿਸ਼ਰਾਮ ਅਰਥਾਂ ਤੇ ਪ੍ਰਭਾਵ ਪਾਉਂਦਾ ਹੈ। ਇਸ ਲਈ ਆਦਰਸ਼ ਕੀਰਤਨੀਆਂ ਗੁਰਬਾਣੀ ਦੇ ਅਰਥਾਂ ਦਾ ਅਧਿਐਨ ਕਰਦਾ ਰਹਿੰਦਾ ਹੈ। ਗੁਰਬਾਣੀ ਦੇ ਅਰਥ ਭਾਵ ਨੂੰ ਸਮਝ ਕੇ ਕੀਰਤਨ ਕਰਨ ਨਾਲ ਹੀ ਕੀਰਤਨ ਵਿੱਚ ਖਾਸ ਪ੍ਰਭਾਵ ਤੇ ਗਹਿਰਾਈ ਪੈਦਾ ਹੁੰਦੀ ਹੈ।

7. ਆਦਰਸ਼ ਕੀਰਤਨੀਆਂ ਸ਼ਬਦ ਦੇ ਭਾਵ ਅਨੁਸਾਰ ਸ਼ਬਦ ਦੀ ਰੀਤ ਜਾਂ ਟਿਊਨ ਬਣਾਉਂਦਾ ਹੈ। ਉਹ ਕਿਸੇ ਫ਼ਿਲਮੀ ਟਿਊਨ ਨੂੰ ਆਧਾਰ ਬਣਾ ਕੇ ਸ਼ਬਦ ਗਾਇਨ ਨਹੀਂ ਕਰਦਾ।

8. ਉਸ ਨੂੰ ਸ਼ਬਦ ਦੇ ਕਾਵਿ-ਰੂਪ ਦਾ ਵੀ ਗਿਆਨ ਹੁੰਦਾ ਹੈ। ਉਹ ਸ਼ਬਦ ਰੀਤ ਦਾ ਰੂਪ ਕਾਵਿ-ਰੂਪ ਦੇ ਅਨੁਕੂਲ ਬਣਾਉਂਦਾ ਹੈ ਅਤੇ ਗੁਰਬਾਣੀ ਵਿੱਚ ਪ੍ਰਯੁਕਤ ਕਾਵਿ-ਰੂਪ, ਪਦੇ, ਵਾਰਾਂ, ਛੰਤ, ਘੋੜੀਆਂ, ਅਲਾਹੁਣੀਆਂ ਆਦਿ ਦੀਆਂ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਦਾ ਹੈ।

9. ਗੁਰਬਾਣੀ ਦੀ ਕਿਸੇ ਵਿਸ਼ੇਸ਼ ਤੁਕ ਦੇ ਅਰਥ ਸਪੱਸ਼ਟ ਜਾਂ ਦ੍ਰਿੜ ਕਰਨ ਲਈ ਉਸ ਨੂੰ ਪ੍ਰਮਾਣ ਦੇਣ ਦਾ ਢੰਗ ਵੀ ਆਉਂਦਾ ਹੈ। ਉਹ ਪ੍ਰਮਾਣ ਕੇਵਲ ਵਿਖਾਵਾ ਕਰਨ ਲਈ ਹੀ ਨਹੀਂ ਦਿੰਦਾ।

10. ਵਿਆਖਿਆ ਉਹ ਕੋਈ ਖਾਸ ਗੱਲ ਸਪੱਸ਼ਟ ਕਰਨ ਲਈ ਹੀ ਕਰਦਾ ਹੈ। ਆਪਣੇ ਗਿਆਨ ਦੇ ਵਿਖਾਵੇ, ਆਪਣੀ ਜਾਂ ਵਿਸ਼ੇਸ਼ ਸਰੋਤੇ ਦੀ ਪ੍ਰਸੰਸਾ ਲਈ, ਵਿਆਖਿਆ ਨਹੀਂ ਕਰਦਾ।

11. ਉਹ ਸਹਿਜ ਨਾਲ ਕੀਰਤਨ ਕਰਦਾ ਹੈ। ਉਹ ਗੁਰਬਾਣੀ ਵਿਚੋਂ ਇਸ ਬਾਰੇ ਅਗਵਾਈ ਵੀ ਪ੍ਰਾਪਤ ਕਰਦਾ ਹੈ:-

ਸਹਜੇ ਗਾਵਿਆ ਥਾਇ ਪਵੈ॥

ਬਿਨੁ ਸਹਜੈ ਕਥਨੀ ਬਾਦਿ॥ - ਪੰਨਾ 68

(ਏ) ਗੁਰਮਤਿ ਨਾਲ ਸੰਬੰਧਤ ਗੁਣ:- ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਚਾਰਧਾਰਾ ਨੂੰ ਗੁਰਮਤਿ ਕਿਹਾ ਜਾਂਦਾ ਹੈ। ਆਦਰਸ਼ ਕੀਰਤਨੀਆਂ ਗੁਰਮਤਿ ਦੇ ਗੁਣ ਵੀ ਧਾਰਨ ਕਰਦਾ ਹੈ।

1. ਆਦਰਸ਼ ਕੀਰਤਨੀਆਂ ਲਾਲਚ ਅਧੀਨ ਕੀਰਤਨ ਨਹੀਂ ਕਰਦਾ, ਸਗੋਂ ਉਸ ਨੂੰ ਕੀਰਤਨ ਕਰਨ ਸਮੇਂ ਇਹ ਸ਼ਬਦ ਵੀ ਯਾਦ ਰਹਿੰਦਾ ਹੈ:

ਭਲੋ ਭਲੋ ਰੇ ਕੀਰਤਨੀਆ॥
ਰਾਮ ਰਮਾ ਰਾਮਾ ਗੁਨ ਗਾਉ॥
ਛੋਡਿ ਮਾਇਆ ਕੇ ਧੰਧ ਸੁਆਉ॥

ਉਹ ਕਿਸੇ ਮਾਇਆਧਾਰੀ ਵਾਸਤੇ ਪਹਿਲਾਂ ਮਿਥਿਆ ਕੀਰਤਨ ਪ੍ਰੋਗਰਾਮ ਤਬਦੀਲ ਨਹੀਂ ਕਰਦਾ।

2. ਆਦਰਸ਼ ਕੀਰਤਨੀਏ ਨੂੰ ਆਪਣੇ ਕੀਰਤਨੀਏ ਹੋਣ ਤੇ ਵੀ ਹੰਕਾਰ ਨਹੀਂ ਹੁੰਦਾ ਹੈ, ਉਹ ਸਿਰਫ ਨਿਮਰਤਾ ਭਾਵ ਨਾਲ ਹੀ ਕੀਰਤਨ ਕਰਦਾ ਹੈ, ਜਿਵੇਂ ਗੁਰਬਾਣੀ ਦਾ ਫੁਰਮਾਣ ਹੈ:-

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ॥ ਪੰਨਾ 84

ਆਦਰਸ਼ ਕੀਰਤਨੀਆਂ ਜਦੋਂ ਕੀਰਤਨ ਕਰਦਾ ਹੈ ਉਸ ਵਿੱਚ ਸ਼ੁਕਰਾਨੇ ਦਾ ਭਾਵ ਹੁੰਦਾ ਹੈ ਜਾਂ ਅਰਦਾਸ ਦਾ ਜਾਂ ਗੁਰੂ ਪ੍ਰਮਾਤਮਾ ਦੀ ਉਸਤਤੀ ਦਾ। ਉਸ ਵਿਚੋਂ ਆਪਾ ਭਾਵ ਨਹੀਂ ਝਲਕਦਾ।

ਆਪੁ ਗਵਾਇ ਸੁ ਹਰਿ ਗੁਣ ਗਾਉ॥ ਪੰਨਾ 270

3. ਉਹ ਕੀਰਤਨ ਪਰੇਮ ਨਾਲ ਕਰਦਾ ਹੈ ਤੇ ਦਿਲੋਂ ਕਰਦਾ ਹੈ, ਕਿਉਂਕਿ ਉਸ ਨੂੰ ਇਹ ਪਤਾ ਹੁੰਦਾ ਹੈ:-

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ
ਨਹੀ ਹਰਿ ਹਰਿ ਭੀਜੈ ਰਾਮ ਰਾਜੇ॥
ਜਿਨਾ ਅੰਤਰਿ ਕਪਟ ਵਿਕਾਰੁ ਹੈ
ਤਿਨਾ ਰੋਇ ਕਿਆ ਕੀਜੈ॥

ਪ੍ਰੇਮ ਨਾਲ ਕੀਤਾ ਕੀਰਤਨ ਹੀ ਪ੍ਰਭਾਵਸ਼ਾਲੀ ਹੁੰਦਾ ਹੈ। ਜੇ ਸੰਗੀਤ ਕਲਾ ਪੱਖੋਂ ਕੀਰਤਨ ਵਿੱਚ ਪਕਿਆਈ ਤੇ ਪ੍ਰੇਮ ਵਿੱਚ ਕਚਿਆਈ ਹੈ ਤਾਂ ਕੀਰਤਨ ਪ੍ਰਵਾਨ ਹੀ ਨਹੀਂ ਹੁੰਦਾ:-

ਜਿਸ ਨੋ ਪਰਤੀਤਿ ਹੋਵੈ॥
ਤਿਸ ਕਾ ਗਾਵਿਆ ਥਾਇ ਪਵੈ॥
ਸੁ ਦਰਗਹਿ ਪਾਵੈ ਮਾਨੁ॥ ਪੰਨਾ 734

4. ਕੀਰਤਨੀਏ ਦਾ ਪਹਿਰਾਵਾ ਸਵੱਛ, ਪਰ ਸਾਦਾ ਹੁੰਦਾ ਹੈ। ਗੁਰਮਤਿ ਵਿੱਚ ਵਾਧੂ ਵਿਖਾਵੇ ਵਾਲੇ ਹਾਰ-ਸ਼ਿੰਗਾਰ ਦੀ ਮਨਾਹੀ ਹੈ।

5. ਆਦਰਸ਼ ਕੀਰਤਨੀਆਂ ਆਪਣੇ ਸਮੇਂ ਦਾ ਪਾਬੰਦ ਹੁੰਦਾ ਹੈ। ਉਹ ਕੀਰਤਨ ਸਮੇਂ ਸਿਰ ਸ਼ੁਰੂ ਕਰਦਾ ਅਤੇ ਸਮੇਂ ਸਿਰ ਸਮਾਪਤ ਕਰਦਾ ਹੈ।

ਇਹ ਆਦਰਸ਼ ਕੀਰਤਨੀਏ ਦੇ ਕੁਝ ਕੁ ਗੁਣ ਹਨ। ਉਂਜ ਜਿਹੜੇ ਗੁਣ ਅਸੀਂ ਕਿਸੇ ਚੰਗੇ ਵਿਅਕਤੀ ਵਿੱਚ ਵੇਖਦੇ ਹਾਂ, ਉਹੀ ਗੁਣ ਹੀ ਆਦਰਸ਼ ਕੀਰਤਨੀਏ ਵਿੱਚ ਵੀ ਹੁੰਦੇ ਹਨ। ਆਦਰਸ਼ ਕੀਰਤਨੀਆਂ ਲੋਕਾਂ ਵਿੱਚ ਹਰਮਨ-ਪਿਆਰਾ ਹੁੰਦਾ ਹੈ। ਇਸ ਲਈ ਉਸ ਨੂੰ ਹਰ ਵੇਲੇ ਸੁਚੇਤ ਰਹਿਣ ਦੀ ਲੋੜ ਰਹਿੰਦੀ ਹੈ ਤਾਂ ਜੋ ਉਸ ਦੀ ਕਿਸੇ ਵੀ ਹਰਕਤ ਜਾਂ ਬੋਲ ਦਾ ਬੁਰਾ ਪ੍ਰਭਾਵ ਨਾ ਪਵੇ।

# ਗੁਰੂ ਨਾਨਕ ਦੇਵ ਜੀ ਦੇ ਕੀਰਤਨੀਏ ਭਾਈ ਸਹਿਜਾਦਾ ਤੇ ਭਾਈ ਦਾਲਾ ਜੀ

ਡਾ. ਗੁਰਨਾਮ ਸਿੰਘ ਜੀ

ਸਿੱਖ ਇਤਿਹਾਸ ਦੇ ਸਰੋਤ ਗੁਰੂ ਕੇਂਦਰਿਤ ਹੋਣ ਕਰਕੇ ਗੁਰੂ ਕਾਲ ਦੇ ਕੀਰਤਨੀਆਂ ਸਬੰਧੀ ਉਲੇਖ ਵਿਸ਼ੇਸ਼ ਯਤਨਾਂ ਨਾਲ ਹੀ ਲੱਭਦਾ ਹੈ। ਗੁਰੂ ਨਾਨਕ ਦੇਵ ਜੀ ਦੇ ਅੰਗ ਸੰਗ ਵਿਚਰਨ ਵਾਲੇ ਭਾਈ ਮਰਦਾਨਾ ਤੋਂ ਬਿਨਾਂ ਬਾਕੀ ਕੀਰਤਨਕਾਰਾਂ ਸਬੰਧੀ ਭਿੰਨ ਭਿੰਨ ਹਵਾਲਿਆਂ ਨੂੰ ਜੋੜਕੇ ਹੀ ਸ਼ਖਸੀਅਤ ਉਘੜਦੀ ਹੈ ਜਦੋਂ ਕਿ ਇਹ ਕੀਰਤਨਕਾਰ ਗੁਰਮਤਿ ਸੰਗੀਤ ਦੇ ਖੋਜ ਅਧਿਐਨ ਤੇ ਅਧਿਆਪਨ ਪਖੋਂ ਵਿਸ਼ੇਸ਼ ਮਹੱਤਵ ਰੱਖਦੇ ਹਨ।

ਗੁਰੂ ਨਾਨਕ ਸਾਹਿਬ ਦੇ ਨਾਲ ਭਾਈ ਮਰਦਾਨਾ ਤੋਂ ਬਿਨਾ ਇਸ ਕਾਲ ਦੇ ਦੋ ਹੋਰ ਰਬਾਬੀ ਭਾਈ ਮਰਦਾਨਾ ਦੇ ਪੁੱਤਰ ਭਾਈ ਸਹਿਜਾਦਾ (ਸਜਾਦਾ) ਅਤੇ ਭਾਈ ਦਾਲਾ ਦਾ ਜ਼ਿਕਰ ਇਤਿਹਾਸ ਵਿਚੋਂ ਮਿਲਦਾ ਹੈ। ਮਹਾਨ ਕੋਸ਼ ਅਨੁਸਾਰ ਭਾਈ ਸਜਾਦਾ ਭਾਈ ਮਰਦਾਨਾ ਦਾ ਪੁੱਤਰ ਸੀ ਜੋ ਭਾਈ  ਮਰਦਾਨੇ ਪਿਛੋ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਵਿਖੇ ਕੀਰਤਨ ਕਰਦਾ ਰਿਹਾ। ਜਿਸ ਸਬੰਧੀ ਸ੍ਰੀ ਗੁਰੂ ਨਾਨਕ ਪ੍ਰਕਾਸ਼ (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ ਭਾਗ ਦੂਜਾ, ਪੰਨਾ ੪੧੯-੨੦) ਦੇ ਹਵਾਲੇ ਅਨੁਸਾਰ ਭਾਈ ਮਰਦਾਨੇ ਦੇ ਚਲਾਣੇ ਪਿਛੋਂ ਗੁਰੂ ਨਾਨਕ ਪਾਤਸ਼ਾਹ ਤਲਵੰਡੀ ਆਏ ਅਤੇ ਭਾਈ ਸਜਾਦੇ ਨੂੰ ਮਿਲੇ ਇਸ ਹਵਾਲੇ ਦਾ ਬਿਆਨ ਇਸ ਤਰਾਂ ਹੈ :

ਦਰ ਠਾਂਢੇ ਹ੍ਵੈ ਸਹਿਜ ਬੁਲਾਯੋ। ਸੁਨਿ ਸ਼ਹਿਜ਼ਾਦਾ ਬਾਹਰ ਆਯੋ।
- - - - - - - - - - - - - - - - - - - - - - - -
ਜਾਇ ਜਬਹਿ ਦਰਸ਼ਨ ਕੋ ਕੀਨੋ। ਚਰਨਾਂਬੁਜ ਮਹਿਂ ਸਿਰ ਧਰਿ ਦੀਨੋ।
ਸ਼੍ਰੀ ਗੁਰ ਤਿਹ ਸੋਂ ਗਿਰਾ ਅਲਾਈ। 'ਤੋਹਿ ਤਾਤ ਕੀ ਬੈਸ ਬਿਹਾਈ ॥੫੯॥
ਭਯੋ ਕਾਲਬਸਿ ਤਿਹ ਕੋ ਜਾਨਿ। ਜਹਿਂ ਖੁਰਮਾਪੁਰਿ ਅਹੈ ਮਹਾਨ।
ਤਹਿਂ ਲੇ ਚਲਨੋ ਅਬ ਤੁਝ ਤਾਈਂ। ਸੰਗ ਲੇਨਿ ਕੋ ਲੀਨ ਬੁਲਾਈ॥੬੦॥
ਦੇਨੋ ਹਮਕੋ ਉਚਿਤ ਹੈ ਤੋਕੋ ਅਬ ਸਿਰੁਪਾਉ।
ਲੇਨੋ ਤੈਂ ਕਿਸ ਰੀਤਿ ਕੋ ਤੈਸੋ ਬਚਨ ਬਤਾਉ। ॥੬੧॥
ਸੁਨਿ ਸ਼ਹਿਜਾਦੇ ਰਿਦੇ ਬਿਚਾਰੀ। ਸ਼੍ਰੀ ਪ੍ਰਭੁ ਸੋਂ ਪੁਨ ਗਿਰਾ ਉਚਾਰੀ।
'ਪਿਤ ਮੇਰੇ ਕੋ ਦੀਨੋ ਜੈਸੇ। ਕ੍ਰਿਪਾ ਧਾਰਿ ਦੀਜੈ ਮੁਝ ਤੈਸੇ' ॥੬੨॥
'ਤੇਰੇ ਪਿਤਾ ਜਾਚਿਕੈ ਲੀਨੋ। ਅਗਨਿ ਦਾਹ ਤਿਹ ਕੋ ਹਮ ਦੀਨੋ।
ਤੂੰ ਅਬ ਚਲਿ ਰਹਿਯੇ ਤਿਹ ਥਾਨਾਂ। ਮਰਦਾਨੇ ਕੇ ਹੋਇ ਸਮਾਨਾ॥੬੩॥
ਹੋਵਹਿ ਤਹਾਂ ਮਹਾਨ ਪ੍ਰਕਾਸ਼ਾ। ਬਸਹੁ ਸਦਾ ਕਰਿ ਅਪਨ ਅਵਾਸਾ।
ਪੁਨ ਜਯੋਂ ਮਨ ਹ੍ਵੈ ਕਰੀਅਹੁ ਤੈਸੇ। ਹਮਰੇ ਰਿਦੇ ਬਿਖੈ ਹੈ ਐਸੇ' ॥੬੪॥

ਹਾਥ ਜੋਰਿ ਤਿਨ ਬਿਨੈ ਉਚਾਰੀ। 'ਮੈਂ ਰਾਵਰ ਕੇ ਨਿਤ ਅਨੁਸਾਰੀ।
ਜੈਸੋ ਪਿਤਾ ਤੁਮਾਰੋ ਦਾਸੁ। ਤੈਸੇ ਮੁਝ ਜਾਨਹੁ ਸੁਖਰਾਸੁ*' ॥੬੫॥

ਭਾਈ ਮਰਦਾਨੇ ਦੇ ਚਲਾਣੇ ਤੋਂ ਬਾਅਦ ਭਾਈ ਸਹਿਜਾਦਾ ਦਾ ਗੁਰੂ ਨਾਨਕ ਦੇਵ ਜੀ ਨਾਲ ਮਿਲਾਪ ਕੁਝ ਇਸ ਤਰ੍ਹਾਂ ਹੋਇਆ। ਦਰਵਾਜ਼ੇ ਤੇ ਖੜੇ ਹੋ ਕੇ ਸਹਿਜ ਨਾਲ ਮਰਦਾਨੇ ਦੇ ਪੁੱਤਰ ਸਹਿਜਾਦਾ ਨੂੰ ਬੁਲਾਇਆ ਤਾਂ ਸਹਿਜਾਦੇ ਨੇ ਗੁਰੂ ਨਾਨਕ ਪਾਤਸ਼ਾਹ ਦੇ ਕੋਲ ਜਾ ਕੇ ਜਦ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਚਰਨਾਂ ਤੇ ਸਿਰ ਧਰ ਦਿੱਤਾ। ਗੁਰੂ ਜੀ ਨੇ ਫਿਰ ਬਚਨ ਕੀਤੇ ਤੁਹਾਡੇ ਪਿਤਾ ਜੀ ਦੀ ਉਮਰ ਬੀਤ ਗਈ ਹੈ। ਉਨ੍ਹਾਂ ਨੂੰ ਕਾਲ ਵੱਸ ਹੋਇਆ ਜਾਣੋ। ਜਿਥੇ ਮਹਾਨ ਖੁਰਮਾਪੁਰ ਹੈ ਓਥੇ ਹੁਣ ਤੈਨੂੰ ਲੈ ਕੇ ਜਾਣਾ ਹੈ, ਨਾਲ ਖੜਨ ਵਾਸਤੇ ਤੈਨੂੰ ਬੁਲਾਇਆ ਹੈ। ਸਾਡੇ ਵਲੋਂ ਹੁਣ ਤੈਨੂੰ ਸਿਰੋਪਾ ਦੇਣਾ ਉਚਿਤ ਹੈ ਤੂੰ ਕਿਸ ਰੀਤੀ ਨਾਲ ਲੈਣਾ ਹੈ, ਤੈਸੀ ਗੱਲ ਦੱਸੋ। ਇਹ ਸੁਣ ਕੇ ਸਹਿਜਾਦੇ ਨੇ ਹਿਰਦੇ ਵਿਚ ਵਿਚਾਰ ਕੀਤੀ ਅਤੇ ਫਿਰ ਗੁਰੂ ਜੀ ਨੂੰ ਕਿਹਾ ਮੇਰੇ ਪਿਤਾ ਜੀ ਨੂੰ ਜਿਸ ਤਰ੍ਹਾਂ ਦਿੱਤਾ ਸੀ ਕਿਰਪਾ ਕਰਕੇ ਮੈਨੂੰ ਵੀ ਉਸ ਤਰ੍ਹਾਂ ਹੀ ਦੇ ਦੇਵੋ। ਗੁਰੂ ਜੀ ਨੇ ਕਿਹਾ ਤੇਰੇ ਪਿਤਾ ਜੀ ਨੇ ਮੰਗ ਕੇ ਲਿਆ ਸੀ। ਉਸ ਨੂੰ ਅਸੀਂ ਅਗਨੀ ਨਾਲ ਦਾਹ ਦਿੱਤਾ ਹੈ। ਤੂੰ ਹੁਣ ਚੱਲ ਕੇ ਉਸ ਥਾਂ ਰਹੋ ਅਤੇ ਮਰਦਾਨੇ ਦੇ ਸਮਾਨ ਹੋ ਜਾ। ਓਥੇ ਮਹਾਨ ਪ੍ਰਕਾਸ਼ ਹੋਵੇਗਾ ਅਤੇ ਸਦਾ ਲਈ ਓਥੇ ਆਪਣਾ ਵਾਸਾ ਕਰ ਲਵੋ ਫਿਰ ਜਿਵੇਂ ਮਨ ਹੋਵੇ ਵੈਸੇ ਕਰੋ ਸਾਡੇ ਦਿਲ ਵਿਚ ਤਾਂ ਇਸ ਤਰ੍ਹਾਂ ਹੈ। ਹੱਥ ਜੋੜ ਕੇ ਸ਼ਹਿਜ਼ਾਦੇ ਬੇਨਤੀ ਕੀਤੀ ਮੈਂ ਆਪ ਜੀ ਦਾ ਸਦਾ ਹੀ ਅਨੁਸਾਰੀ ਹਾਂ। ਜਿਵੇਂ ਮੇਰੇ ਪਿਤਾ ਜੀ ਤੁਹਾਡੇ ਸੇਵਕ ਸਨ, ਹੇ ਗੁਰੂ ਜੀ* ਮੈਨੂੰ ਵੀ ਵੈਸਾ ਹੀ ਜਾਣੋ।

ਭਾਈ ਬਾਲੇ ਵਾਲੀ ਜਨਮ ਸਾਖੀ, ਪੰਨਾ 882 ਵਿਚ ਭਾਈ ਸ਼ਹਿਜਾਦ ਨੂੰ ਖੁਰਮ ਸ਼ਹਿਰ ਲੈ ਕੇ ਜਾਣ ਦੇ ਪ੍ਰਸੰਗ ਵੀ ਹੈ ਜਿਥੇ ਮਰਦਾਨਾ ਦਾ ਅਕਾਲ ਚਲਾਣਾ ਹੋਇਆ।

"ਸ੍ਰੀ ਗੁਰੂ ਜੀ ਸੱਜਣ ਨੂੰ ਨਿਵਾਜਕੇ ਤੇ ਸ਼ਜਾਦੇ ਕੋ ਨਾਲ ਲੈ ਕੇ ਖੁਰਮੇ ਸ਼ਹਿਰ ਵਿਚ ਆਇ ਪ੍ਰਾਪਤ ਹੂਏ ਅਤੇ ਕਹਿਓ ਨੇ ਸ਼ਜਾਦਾ ਏਹ ਤੁਮਾਰੇ ਬਾਪ ਮਰਦਾਨੇ ਦੀ ਸਮਾਧ ਹੈ ਤਾਂ ਸ਼ਜਾਦੇ ਓਥੇ ਮੱਥਾ ਟੇਕਿਆ ਤਾਂ ਸ੍ਰੀ ਗੁਰੂ ਜੀ ਕਹਾ ਸ਼ਜਾਦਾ ਤੂੰ ਏਥੇ ਹੀ ਆਇ ਰਹੋ ਸ਼ਜਾਦਾ ਮਰਦਾਨਾ ਸਾਡਾ ਯਾਰ ਆਹਾ ਤਾਂ ਸ਼ਜਾਦੇ ਕਹਾ ਤਪਾ ਜੀ ਟੱਬਰ ਉਥੇ ਰਹੇ ਕਿ ਏਥੇ ਲੈ ਆਵਾਂ ਤਾਂ ਸ੍ਰੀ ਗੁਰੂ ਜੀ ਕਹਾ ਸ਼ਜਾਦਾ ਮਰਦਾਨੇ ਦੀ ਥਾਂ ਤੇਰੀ ਮੰਜੀ ਏਥੇ ਹੀ ਹੋਵੇਗੀ ਹੁਣ ਤੂੰ ਟੱਬਰ ਵੀ ਲੈ ਆਵੀਂ"

ਇਸ ਤਰ੍ਹਾਂ ਭਾਈ ਸਹਿਜਾਦਾ ਭਾਈ ਮਰਦਾਨੇ ਪਿਛੋਂ ਗੁਰੂ ਪਾਤਸ਼ਾਹ ਦੇ ਰਬਾਬੀ ਕੀਰਤਨੀਏ ਵਜੋਂ ਵਿਚਰਿਆ ਅਤੇ ਉਸ ਨੇ ਰਬਾਬੀ ਪਰੰਪਰਾ ਨੂੰ ਅਗਾਂਹ ਤੋਰਿਆ। ਭਾਈ ਮਰਦਾਨੇ ਦੀ ਅੰਸ ਬੰਸ ਅਫਗਾਨਿਸਤਾਨ ਤੇ ਹਿੰਦੁਸਤਾਨ ਦੋਵਾਂ ਸਥਾਨਾਂ 'ਤੇ ਚਲੀ ਇਹ ਖੋਜ ਦਾ ਵਿਸ਼ਾ ਹੈ ਜਿਸ ਦੀਆਂ ਪਰਤਾ ਅਸੀਂ ਖੋਲਦੇ ਰਹਾਂਗੇ।

ਗੁਰੂ ਨਾਨਕ ਦਰਬਾਰ ਦੇ ਇਕ ਹੋਰ ਰਬਾਬੀ ਕੀਰਤਨੀਏ ਭਾਈ ਦਾਲਾ ਜੀ ਹੋਏ ਹਨ।ਭਾਈ ਕਾਨ ਸਿੰਘ ਨਾਭਾ ਨੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ (ਪੰਨਾ ੬੩੦) ਵਿਚ ਭਾਈ ਦਾਲਾ ਨੂੰ ਅਕਾਲ ਰੂਪੀ ਗੁਰੂ ਨਾਨਕ ਦੇ ਸੰਗੀ ਭਾਈ ਮਰਦਾਨਾ ਦਾ ਸਬੰਧੀ ਦਰਸਾਇਆ ਹੈ। ਭਾਈ ਦਾਲਾ ਨੂੰ ਗੁਰੂ ਬਿਲਾਸ

ਪਾਤਸ਼ਾਹੀ ਛੇਵੀ ਅਧਿਆਇ ੪ ਪੰਨਾ ੧੦੧ ਭਾਈ ਮਰਦਾਨੇ ਦਾ ਮਸੇਰ ਭਰਾ ਮੰਨਿਆ ਹੈ।

ਸੋ ਦਾਲਾ ਬਲਵੰਡ ਕਹਾਯੋ। ਮਰਦਾਨੇ ਸੱਤੇ ਬਪੁ ਪਾਯੋ।

ਮਸੇਰ ਭ੍ਰਾਤ ਦਾਲਾ ਮਰਦਾਨਾ। ਸਕੇ ਭ੍ਰਾਤ ਇਹ ਠਾਂ ਸੁਖਮਾਨਾ।।

ਭਾਈ ਦਾਲਾ ਗੁਰੂ ਨਾਨਕ ਦੇਵ ਜੀ ਹਜ਼ੂਰ ਕੀਰਤਨ ਕਰਿਆ ਕਰਦਾ ਸੀ ਅਤੇ ਭਾਈ ਮਰਦਾਨਾ ਅਤੇ ਭਾਈ ਦਾਲਾ ਮਿਲਕੇ ਵੀ ਕੀਰਤਨ ਕਰਦੇ ਸਨ ਇਸਦਾ ਇਕ ਹਵਾਲਾ ਇਸ ਗੁਰ ਬਿਲਾਸ ਪਾਤਸ਼ਾਹ ਛੇਵੀਂ ਅਧਿਆਇ 4 ਪੰਨਾ 100 ਵਿਚ ਇਸਤਰ੍ਹਾਂ ਹੈ :

ਏਕ ਅਨੀਹ ਰੂਪ ਗੁਰ ਨਾਨਕ। ਰਾਵੀ ਤਟ ਬੈਠੇ ਸੁਖ ਮਾਨਕ।।

ਦਾਲ ਡੂਮ ਸਾਥਿ ਮਰਦਾਨੇ। ਢੂੰਢਤ ਆਏ ਗੁਰ ਨਿਕਟਾਨੇ।।

ਮਰਦਾਨੇ ਕੋ ਤਬ ਗੁਰ ਕਹਾ। ਰਬਾਬ ਬਜਾਵੋ ਅਨੰਦ ਲਹਾ।

ਰਬਾਬ ਬਜਾਯੋ ਤਿਹ ਵਡਭਾਗੇ। ਆਪ ਦਾਲੇ ਸਿਉ ਗਾਵਨ ਲਾਗੇ।।

ਉਕਤ ਹਵਾਲੇ ਤੋਂ ਪ੍ਰਤੱਖ ਹੈ ਕਿ ਭਾਈ ਦਾਲਾ ਇਕ ਕੁਸ਼ਲ ਰਬਾਬੀ ਗਾਇਕ ਸੀ ਜੋ ਗੁਰੂ ਨਾਨਕ ਦੇਵ ਜੀ ਦੇ ਸੰਗ ਕੀਰਤਨ ਕਰਨ ਦੀ ਕਾਬਲੀਅਤ ਰਖਦਾ ਸੀ।

ਫਿਰ ਇਸ ਗਾਇਨ ਦੇ ਅਗੰਮੀ ਪ੍ਰਭਾਵ ਦਾ ਵਿਖਿਆਨ ਇਸ ਤਰ੍ਹਾਂ ਕੀਤਾ ਗਿਆ ਹੈ ਜਿਸ ਅਨੁਸਾਰ ਰਾਗ ਸੁਣਕੇ ਸਾਰੇ ਜੀਵ ਮੋਹੇ ਗਏ :

ਘੜੀ ਜੁਗਲ ਦਿਨੁ ਜਬੈ ਰਹਾਈ। ਆਸਾ ਰਾਗਨੀ ਸ੍ਰੀ ਗੁਰ ਗਾਈ।

ਸੁਨਤ ਰਾਗ ਪੰਛੀ ਮ੍ਰਿਗ ਮੋਹੇ। ਬੈਰ ਭਾਵ ਨਿਜ ਮਨਿ ਨਹਿ ਜੋਹੇ।।

ਉਕਤ ਹਵਾਲੇ ਤੋਂ ਕਸਬੀ ਗਾਇਨ ਹੋਣ ਦੇ ਨਾਤੇ ਸੁਭਾਵਿਕ ਹਉਮੈ ਆਉਣ ਦਾ ਉਲੇਖ ਵੀ ਹੈ ਜੋ ਹਰ ਕੀਰਤਨੀਏ ਨੂੰ ਹਉਮੈ ਰਹਿਤ ਹੋ ਕੇ ਸੰਪੂਰਣ ਸਮਰਪਣ ਨਾਲ ਗਾਉਣ ਦੀ ਪ੍ਰੇਰਨਾ ਦਿੰਦਾ ਹੈ। ਭਾਈ ਮਰਦਾਨਾ ਭਾਈ ਦਾਲਾ ਭਾਂਵੇ ਖਾਨਦਾਨੀ ਕਸਬੀ ਸਨ ਪਰੰਤੂ ਉਹਨਾਂ ਦੇ ਹੁਨਰ ਉਤੇ ਗੁਰੂ ਨਾਨਕ ਪਾਤਸ਼ਾਹ ਦੀ ਇਲਾਹੀ ਨਦਰਿ ਸੀ। ਗੁਰ ਬਿਲਾਸ ਪਾਤਸ਼ਾਹ ਛੇਵੀਂ ਅਧਿਆਇ 4 ਪੰਨਾ 100 ਅਨੁਸਾਰ

ਸ੍ਰੀ ਗੁਰ ਨਾਨਕ ਤਬ ਕਹਾ ਤੁਮੈ ਮਾਨੁ ਇਹ ਕੀਨੁ।

ਮਾਨ ਸਹਿਤ ਕਲਿਆਨ ਨਹਿ, ਕ੍ਰੋਰ ਜਤਨ ਚਿਤਿ ਚੀਨ।।

ਤਬ ਦੁਹੂੰਅਨ ਬਿਨਤੀ ਕਰੀ ਹੇ ਪ੍ਰਭ ਬਖਸ ਦਿਆਲ।

ਸ੍ਰੀ ਗੁਰੂ ਨਾਨਕ ਤਬ ਕਹਾ ਲਿਖ ਚਤੁਰਾਨਨ ਭਾਲਿ।।

ਸਾਖੀ ਅਨੁਸਾਰ ਭਾਈ ਮਰਦਾਨਾ ਤੇ ਭਾਈ ਦਾਲਾ ਦੇ ਇਸ ਗੁਮਾਨ ਦੇ ਗੁਨਾਹ ਨੂੰ ਪੰਜਵੇਂ ਜਾਮੇ 'ਚ ਬਖਸਿਆ। ਗੁਰਮਤਿ ਸੰਗੀਤ ਦੇ ਕੀਰਤਨਕਾਰ ਦੇ ਜੀਵਨ ਸਬੰਧੀ ਉਕਤ ਹਵਾਲੇ ਤੇ ਵੇਰਵੇ ਸਾਨੂੰ ਗੁਰਮਤਿ ਅਨੁਸਾਰ ਸ਼ਬਦ ਕੀਰਤਨ ਕਰਨ ਅਤੇ ਆਦਰਸ਼ ਰੂਪ ਵਿਚ ਬਤੌਰ ਕੀਰਤਨਕਾਰ ਵਿਚਰਨ ਲਈ ਜੀਵਨ ਸੇਧ ਵੀ ਪ੍ਰਦਾਨ ਕਰਦੇ ਹਨ।

ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਵਿਭਾਗ- ਗੁਰਮਤਿ ਸੰਗੀਤ ਚੇਅਰ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਸਰਗਮ
## ਨਾਵਲ – ਗੁਰਮੁਖ ਸਿੰਘ ਸਹਿਗਲ
## ਭਾਗ ਪਹਿਲਾ – (ਆਰੋਹੀ)

- ਰੇ -

(ਪਿਛਲੇ ਅੰਕ ਤੋਂ ਅੱਗੇ) ਉਸਤਾਦ ਚਾਂਦ ਖ਼ਾਨ ਤੋਂ ਸੰਗੀਤ ਸਿੱਖਦਿਆਂ ਹੀ ਉਸਦੀ ਰੂਪਾ ਨਾਲ ਜਾਣ ਪਛਾਣ ਹੋਈ ਸੀ। ਉਂਜ ਤਾਂ ਰੂਪਾ ਸਤਬੀਰ ਤੋਂ ਵੀ ਪਹਿਲਾਂ ਉਸਤਾਦ ਚਾਂਦ ਖ਼ਾਨ ਤੋਂ ਸੰਗੀਤ ਸਿੱਖਦੀ ਰਹੀ ਸੀ, ਪਰ ਉਹ ਕਦੇ ਕਦੇ ਹੀ ਉਸਤਾਦ ਕੋਲ ਆਉਂਦੀ। ਉਹ ਇਕ ਕਾਰ ਵਿਚ ਬੈਠ ਕੇ ਆਉਂਦੀ ਅਤੇ ਘੰਟਾ ਅੱਧਾ ਘੰਟਾ ਸੰਗੀਤ ਸਿੱਖ ਕੇ ਮੁੜ ਕਾਰ ਵਿਚ ਬੈਠ ਕੇ ਚਲੀ ਜਾਂਦੀ। ਸ਼ੁਰੂ ਸ਼ੁਰੂ ਵਿਚ ਸਤਬੀਰ ਨੂੰ ਰੂਪਾ ਬੜੀ ਹੀ ਹੰਕਾਰੀ ਤੇ ਹੈਂਕੜ ਵਾਲੀ ਕੁੜੀ ਲੱਗਦੀ ਸੀ, ਪਰ ਇਕ ਦਿਨ ਜਦੋਂ ਰੂਪਾ ਆਈ ਤਾਂ ਅੱਗੇ ਸਤਬੀਰ ਉਸਤਾਦ ਚਾਂਦ ਖ਼ਾਨ ਨਾਲ ਬੈਠਾ ਤਾਨਪੁਰਾ ਛੇੜ ਰਿਹਾ ਸੀ ਤੇ ਉਸਤਾਦ ਗਾ ਰਿਹਾ ਸੀ। ਉਸਤਾਦ ਦੇ ਨਾਲ ਸਤਬੀਰ ਵੀ ਕਿਤੇ ਕਿਤੇ ਬੋਲ ਫੜ ਕੇ ਗਾਉਣ ਲੱਗ ਪੈਂਦਾ। ਦੋਹਾਂ ਨੂੰ ਇਸ ਤਰ ਂ ਗਾਣੇ ਵਿਚ ਖੁੱਭਿਆ ਵੇਖ ਕੇ ਰੂਪਾ ਆਹਿਸਤਾ ਜਿਹੇ ਉਨ ਂ ਦੇ ਕੋਲ ਆ ਕੇ ਬੈਠ ਗਈ ਸੀ। ਉਸਤਾਦ ਚਾਂਦ ਖ਼ਾਨ ਪੂਰੇ ਲੋਰ ਵਿਚ ਸੀ ਅਤੇ ਤਾਨਾਂ ਉਤੇ ਤਾਨਾਂ ਦੀ ਫ਼ੁਹਾਰ ਛੱਡਦਾ ਜਾ ਰਿਹਾ ਸੀ। ਸਤਬੀਰ ਵੀ ਉਸਤਾਦ ਦੀ ਨਕਲ ਵਿਚ ਉਸੇ ਤਰ ਂ ਤਾਨਾਂ ਲਗਾਉਣ ਦਾ ਜਤਨ ਕਰਦਾ। ਰੂਪਾ ਨੇ ਉਂਜ ਤਾਂ ਭਾਵੇਂ ਸਤਬੀਰ ਨੂੰ ਕਈ ਵਾਰੀ ਉਸਤਾਦ ਦੇ ਘਰ ਵੇਖਿਆ ਸੀ ਪਰ ਇਸ ਤਰ ਂ ਉਸਤਾਦ ਨਾਲ ਬੈਠ ਕੇ ਗਾਉਂਦਿਆਂ ਅਜ ਪਹਿਲੀ ਵਾਰੀ ਉਸ ਨੂੰ ਵੇਖਿਆ ਸੁਣਿਆ ਸੀ। ਸਤਬੀਰ ਤਾਨਪੁਰੇ ਨੂੰ ਆਪਣੇ ਸਿਰ ਨਾਲ ਟਿਕਾ ਕੇ ਬੜੇ ਹੀ ਸ਼ਾਇਰਾਨਾ ਅੰਦਾਜ਼ ਵਿਚ ਬੈਠਾ ਸੀ। ਉਸ ਦੇ ਚਿਹਰੇ ਦਾ ਇਕ ਪਾਸਾ ਰੂਪਾ ਵਲ ਸੀ। ਤਿੱਖਾ ਨੱਕ, ਚੌੜ ਾ ਮੱਥਾ ਅਤੇ ਇਸ ਮੱਥੇ ਉੱਤੇ ਘਣੇ ਸੰਘਣੇ ਵਾਲਾਂ ਦੀ ਇਕ ਲਿਟ, ਜਿਸ ਨੂੰ ਸਤਬੀਰ ਕਦੇ ਕਦੇ ਹੱਥ ਨਾਲ ਉਪਰ ਵਲ ਕਰ ਲੈਂਦਾ। ਰੂਪਾ ਨੂੰ ਸਤਬੀਰ ਦੀ ਇਹ ਅਦਾ ਵੀ ਬਹੁਤ ਚੰਗੀ ਲੱਗ ਰਹੀ ਸੀ। ਸਤਬੀਰ ਦੀ ਸੁਰੀਲੀ ਤੇ ਗੰਭੀਰ ਆਵਾਜ਼ ਦੇ ਜਾਦੂ ਵਿਚ ਤਾਂ ਉਹ ਏਨੀ ਖੋ ਗਈ ਸੀ ਕਿ ਉਸ ਨੂੰ ਵਾਪਸ ਘਰ ਜਾਣ ਦੀ ਹੋਸ਼ ਵੀ ਨਾ ਰਹੀ। ਤਕਰੀਬਨ ਇਕ ਘੰਟੇ ਤੱਕ ਉਸਤਾਦ ਅਤੇ ਸਤਬੀਰ ਗਾਉਂਦੇ ਰਹੇ ਅਤੇ ਰੂਪਾ ਸੰਗੀਤ ਮੁਗਧ ਹੋਈ ਬੁੱਤ ਬਣੀ ਉਨ ਂ ਦੇ ਸਾਹਮਣੇ ਬੈਠੀ ਰਹੀ। ਜਦੋਂ ਉਸਤਾਦ ਨੇ ਗਾਣਾ ਖ਼ਤਮ ਕੀਤਾ ਤਾਂ ਰੂਪਾ ਦੇ ਮੂੰਹੋਂ ਬੇਸਾਖ਼ਤਾ ਹੀ ਨਿਕਲ ਗਿਆ- -ਵਾਹ ਖ਼ਾਨ ਸਾਹਿਬ- ਆਪਨੇ ਤੋਂ ਹਮੇ ਬਾਂਧ ਕਰ ਬਿਠਾ ਹੀ ਦੀਆ।'' ਅਤੇ ਫਿਰ ਸਤਬੀਰ ਵਲ ਮੁਖ਼ਾਤਿਬ ਹੋ ਕੇ ਕਹਿਣ ਲੱਗੀ, -ਤੁਸੀਂ ਵੀ ਏਨਾ ਚੰਗਾ ਗਾ ਲੈਂਦੇ ਹੋ- ਮੈਨੂੰ ਤਾਂ ਅਜ ਪਤਾ ਲੱਗਾ ਏ। ਤੁਹਾਡੀ ਆਵਾਜ਼ ਵਿਚ ਵੀ ਬੜੀ ਮਿਠਾਸ ਹੈ।'' ਰੂਪਾ ਦੇ ਮੂੰਹੋਂ ਆਪਣੀ ਤਾਰੀਫ਼ ਸੁਣ ਕੇ ਸਤਬੀਰ ਜ਼ਰਾ ਜਿਹਾ ਹੋਠਾਂ ਵਿਚ ਮੁਸਕਰਾ ਪਿਆ ਤਾਂ ਵਿਚੇ ਹੀ ਖ਼ਾਨ ਸਾਹਿਬ ਕਹਿਣ ਲੱਗੇ। -ਤੁਮ ਦੇਖਨਾ ਬੇਟੀ, ਏਕ ਦਿਨ ਸਤਬੀਰ ਬਹੁਤ ਬੜਾ ਗਵੱਈਆ ਬਨੇਗਾ।'' -ਇਸ ਮੇਂ ਕਿਆ ਸ਼ੱਕ ਹੈ।'' ਰੂਪਾ ਨੇ ਉਸਤਾਦ ਦੀ ਗੱਲ ਦਾ ਸਮਰਥਨ ਕਰਦਿਆਂ ਕਿਹਾ ਪਰ ਸਤਬੀਰ ਜ਼ਰਾ ਸ਼ਰਮਾਅ ਕੇ ਕਹਿਣ ਲੱਗਾ- -ਨਹੀਂ ਜੀ- ਸੰਗੀਤ ਵਿਚ ਮੁਹਾਰਤ ਹਾਸਲ ਕਰਨੀ ਬੜੀ ਦੂਰ ਦੀ ਗੱਲ ਏ। ਖ਼ਾਂ ਸਾਹਿਬ ਦੇ ਕਹਿਣ ਮੁਤਾਬਕ ਇਸ ਲਈ ਤਾਂ ਕਈ ਜਨਮ ਲੈਣੇ ਪੈਂਦੇ ਨੇ, ਜੇ ਇਸ ਜਨਮ ਵਿਚ ਮੈਨੂੰ ਸਿਰਫ਼ ਆਲਾਪ ਈ ਕਰਨਾ ਆ ਜਾਵੇ ਤਾਂ ਮੈਂ ਸਮਝਾਂਗਾ ਕਿ ਜੀਵਨ ਸਫ਼ਲ ਹੋ ਗਿਆ।'' -''ਵਾਹ ਕਿਆ ਬਾਤ ਹੈ।'' ਸਤਬੀਰ ਦੀ ਭਾਵੁਕਤਾ ਤੋਂ ਮੁਤਾਸਰ ਹੋ ਕੇ ਉਸਤਾਦ ਕਹਿਣ ਲੱਗਾ, -ਦੇਖਾ ਬੇਟੀ ਸੰਗੀਤ ਸੀਖਨੇ ਕੇ ਲੀਯੇ ਐਸਾ ਜਜ਼ਬਾ ਚਾਹੀਏ। ਸਤਬੀਰ ਕੀ ਇਸ ਬਾਤ ਮੇਂ ਕਿਤਨਾ ਵਜ਼ਨ ਹੈ। ਔਰ ਏਕ ਤੁਮ ਹੋ ਕਿ ਕਭੀ ਆਤੀ ਹੋ ਤੋ ਕਭੀ ਨਹੀਂ।'' ਉਸਤਾਦ ਨੇ ਜਦੋਂ ਸਤਬੀਰ ਦੀ ਤਾਰੀਫ਼ ਕਰਦਿਆਂ ਤੇ ਰੂਪਾ ਨੂੰ ਚੇਤਾਵਨੀ ਦਿੰਦਿਆਂ ਗੱਲ ਆਖੀ ਤਾਂ ਰੂਪਾ ਕੁਝ ਝੇਂਪ ਕੇ ਕਹਿਣ ਲੱਗੀ, -''ਨਹੀਂ, ਖ਼ਾਨ ਸਾਬ, ਅਬ ਮੈਂ ਬਿਲਕੁਲ ਮਿਸ ਨਹੀਂ ਕਰੂੰਗੀ ਔਰ ਬਾਕਾਇਦਾ ਆਇਆ ਕਰੂੰਗੀ।'' ਇਹ ਕਹਿੰਦਿਆਂ ਰੂਪਾ ਨੇ ਸਤਬੀਰ ਵਲ ਬੜੇ ਮੋਹ

ਭਰੇ ਢੰਗ ਨਾਲ ਵੇਖਿਆ ਤਾਂ ਰੂਪਾ ਦੀ ਇਸ ਤੱਕਣੀ ਨਾਲ ਸਤਬੀਰ ਨੂੰ ਇਕ ਕਰੰਟ ਜਿਹਾ ਵੱਜਿਆ ਜੋ ਸਿੱਧਾ ਉਸ ਦੇ ਵਜੂਦ ਵਿਚ ਇਕ ਝਰਨਾਟ ਜਿਹੀ ਪੈਦਾ ਕਰ ਗਿਆ। ਕੋਲ ਬੈਠੀ ਰੂਪਾ ਦੇ ਚਿਹਰੇ ਦੇ ਨਕਸ਼ ਨਿਗਾਰ ਵੇਖ ਕੇ ਤਾਂ ਸਤਬੀਰ ਮੋਹਿਆ ਹੀ ਗਿਆ। ਲਿਸ਼ਕਦੀਆਂ ਭੂਰੀਆਂ ਅੱਖਾਂ, ਤੋਤੇ ਦੀ ਚੁੰਝ ਵਾਂਗ ਅੱਗੇ ਨੂੰ ਥੋੜਾ ਜਿਹਾ ਮੁੜਿਆ ਤਿੱਖਾ ਨੱਕ, ਗੁਲਾਬ ਦੀਆਂ ਪੰਖੜੀਆਂ ਵਰਗੇ ਹੋਂਠ ਅਤੇ ਉਹ ਜਦੋਂ ਇਨ ੍ਹਾਂ ਹੋਠਾਂ ਵਿਚੋਂ ਜ਼ਰਾ ਜਿੰਨੀ ਮੁਸਕਰਾਂਦੀ ਤਾਂ ਉਸ ਦੇ ਖੱਬੇ ਪਾਸੇ ਵਾਲੇ ਦੰਦ ਉੱਤੇ ਇਕ ਹੋਰ ਨਿੱਕਾ ਜਿਹਾ ਦੰਦ ਚੜ੍ਹਿ ਆ ਹੋਇਆ ਸੀ ਜਿਸ ਨਾਲ ਉਸ ਦੀ ਮੁਸਕਰਾਹਟ ਭਰੀ ਤਕਣੀ ਹੋਰ ਖਿੱਚ ਭਰਪੂਰ ਜਾਪਣ ਲੱਗ ਪਈ। ਸਤਬੀਰ ਰੂਪਾ ਦੀ ਇਸ ਮੁਸਕਰਾਹਟ ਭਰੀ ਤਕਣੀ ਦੀ ਤਾਬ ਨਾ ਲਿਆ ਸਕਦਾ ਹੋਇਆ ਆਪਣੀ ਘਬਰਾਹਟ ਨੂੰ ਛੁਪਾਉਣ ਲਈ ਉਠ ਕੇ ਬਾਹਰ ਬਰਾਮਦੇ ਦੀ ਤਰਫ਼ ਚਲਾ ਗਿਆ ਅਤੇ ਫਿਰ ਅੰਦਰ ਕਮਰੇ ਵਿਚ ਜਾ ਕੇ ਆਲ਼ੇ ਵਿਚ ਪਈਆਂ ਕਿਤਾਬਾਂ ਨੂੰ ਬਿਨਾਂ ਮਤਲਬ ਏਧਰ-ਓਧਰ ਰੱਖਣ ਲੱਗਾ। ਰੂਪਾ ਦੇ ਚਿਹਰੇ ਦੇ ਨਕਸ਼ ਉਸ ਦੇ ਜ਼ਿਹਨ ਵਿਚ ਜਗਮਗ ਜਗਮਗ ਹੋਣ ਲੱਗੇ। ਉਹ ਇਸੇ ਤਰ ੍ਹਾਂ ਕਿਤਾਬਾਂ ਨੂੰ ਉਲਟ ਪੁਲਟ ਕਰਦਾ ਰਿਹਾ ਅਤੇ ਫਿਰ ਕਿਤਾਬਾਂ ਵੱਲੋਂ ਹੱਟ ਕੇ ਕੋਲ ਪਏ ਹਰਮੋਨੀਅਮ ਨੂੰ ਕਪੜੇ ਨਾਲ ਝਾੜਨ ਲੱਗ ਪਿਆ। ਰੂਪਾ ਦੇ ਨਕਸ਼ ਉਸ ਦੀ ਸੋਚ ਉੱਤੇ ਛਾ ਰਹੇ ਸਨ।

ਰੂਪਾ ਉਸਤਾਦ ਕੋਲ ਬੈਠੀ ਗੱਲਾਂ ਕਰਦੀ ਰਹੀ ਅਤੇ ਫਿਰ ਪਤਾ ਨਹੀਂ ਕਿਸ ਵੇਲੇ ਉਠ ਕੇ ਚਲੀ ਗਈ। ਜਦੋਂ ਸਤਬੀਰ ਕਮਰੇ ਵਿਚ ਆਇਆ ਤਾਂ ਉਸਤਾਦ ਚਾਂਦ ਖ਼ਾਨ ਨਿੱਸਲ ਹੋ ਕੇ ਆਪਣੇ ਗਦੇਲੇ ਉੱਤੇ ਲੇਟਿਆ ਪਿਆ ਸੀ। ਸਤਬੀਰ ਉਸਤਾਦ ਦੇ ਪੈਰਾਂ ਵਲ ਬੈਠ ਕੇ ਉਸ ਦੀਆਂ ਲੱਤਾਂ ਘੁਟਣ ਲੱਗ ਪਿਆ ਪਰ ਉਸਤਾਦ ਨੇ ਉਸਨੂੰ ਮਨ ੍ਹਾਂ ਕਰਦਿਆਂ ਕਿਹਾ-

-"ਨਹੀਂ ਬੇਟਾ, ਤੁਮ ਫ਼ਿਜ਼ੂਲ ਕਾਮੋਂ ਮੇਂ ਅਬ ਅਪਨਾ ਵਕਤ ਬਰਬਾਦ ਮਤ ਕਰੋ ਔਰ ਤੰਬੂਰਾ ਲੇ ਕਰ ਅਪਨਾ ਰਿਆਜ਼ ਕਰੋ, ਇਸੀ ਮੇਂ ਤੁਮਹਾਰਾ ਫ਼ਾਇਦਾ ਹੈ। ਐਸੇ ਕਾਮ ਕੇ ਲੀਏ ਗ਼ੱਫ਼ੂਰ ਹੈ।" ਗ਼ੱਫ਼ੂਰ ਉਸਤਾਦ ਚਾਂਦ ਖ਼ਾਨ ਦਾ ਭਾਣਜਾ ਸੀ ਜੋ ਉਨ ੍ਹਾਂ ਨਾਲ ਹੀ ਰਹਿੰਦਾ ਸੀ ਅਤੇ ਉਨ ੍ਹਾਂ ਦੇ ਘਰ ਦੇ ਸਾਰੇ ਕੰਮ ਕਰਦਾ ਸੀ। ਪਰ ਜਦੋਂ ਦਾ ਸਤਬੀਰ ਨੇ ਖ਼ਾਨ ਸਾਹਿਬ ਦੇ ਕੋਲ ਰਹਿਣਾ ਸ਼ੁਰੂ ਕੀਤਾ ਸੀ ਤਦੋਂ ਗ਼ੱਫ਼ੂਰ ਨੂੰ ਘਰ ਦੇ ਕੰਮ ਕਾਜ ਤੋਂ ਕੁੱਝ ਰਾਹਤ ਮਿਲ ਗਈ ਸੀ। ਕਿਉਂਕਿ ਸਤਬੀਰ ਨੂੰ ਉਸਤਾਦ ਦੀ ਖ਼ਿਦਮਤ ਕਰਕੇ ਵੀ ਇਕ ਅਨੰਦ ਜਿਹਾ ਪ੍ਰਾਪਤ ਹੁੰਦਾ ਸੀ। ਸਤਬੀਰ ਦੀ ਇਸ ਤਰ ੍ਹਾਂ ਸੇਵਾ ਭਾਵਨਾ ਨੂੰ ਵੇਖ ਕੇ ਗ਼ੱਫ਼ੂਰ ਕਈ ਵਾਰੀ ਖਿਸਕ ਕੇ ਬਾਹਰ ਚਲਾ ਜਾਂਦਾ। ਜਦੋਂ ਖ਼ਾਨ ਸਾਹਿਬ ਨੇ ਸਤਬੀਰ ਨੂੰ ਕਿਹਾ ਕਿ ਤੁਮ ਤੰਬੂਰਾ ਲੇ ਕੇ ਅਪਨਾ ਰਿਆਜ਼ ਕਰੋ ਅਤੇ ਨਾਲ ਹੀ ਗ਼ੱਫ਼ੂਰ ਨੂੰ ਆਵਾਜ਼ ਦਿੱਤੀ। ਤਾਂ ਗ਼ੱਫ਼ੂਰ ਜੋ ਕਿ ਬਾਹਰ ਜਾਣ ਲਈ ਤਿਆਰ ਹੋਇਆ ਬੈਠਾ ਸੀ ਖ਼ਾਨ ਸਾਹਿਬ ਕੋਲ ਆਇਆ। ਉਸਤਾਦ ਨੇ ਉਸ ਨੂੰ ਪਾਨ ਲੈਣ ਲਈ ਭੇਜ ਦਿੱਤਾ ਤੇ ਸਤਬੀਰ ਨੂੰ ਰਿਆਜ਼ ਕਰਨ ਲਈ ਕਿਹਾ। ਉਸਤਾਦ ਦਾ ਹੁਕਮ ਮੰਨਦਿਆਂ ਸਤਬੀਰ ਨੇ ਤਾਨਪੁਰਾ ਸ਼ੁਰੂ ਕੀਤਾ ਅਤੇ ਕਮਰੇ ਦੇ ਇਕ ਗੋਸ਼ੇ ਵਿਚ ਬੈਠ ਕੇ ਸੁਰਾਂ ਦਾ ਅਭਿਆਸ ਕਰਨ ਲੱਗ ਪਿਆ। ਪਰ ਅੱਜ ਉਸਦਾ ਮਨ ਅਭਿਆਸ ਵਿਚ ਨਹੀਂ ਸੀ ਲੱਗ ਰਿਹਾ। ਉਹ ਅੱਖਾਂ ਮੀਚ ਕੇ ਜਦ 'ਸਾ' ਲੱਗਾਉਣ ਦਾ ਜਤਨ ਕਰਦਾ ਤਾਂ ਰੂਪਾ ਦਾ ਹੰਸੂ ਹੰਸੂ ਕਰਦਾ ਚਿਹਰਾ ਉਸ ਦੀਆਂ ਅੱਖਾਂ ਸਾਹਮਣੇ ਆ ਹਾਜ਼ਰੀ ਭਰਦਾ। ਰੂਪਾ ਦੀ ਇਕੋ ਮੁਸਕਰਾਹਟ ਭਰੀ ਤੱਕਣੀ ਉਸ ਦੇ ਦਿਲੋ-ਦਿਮਾਗ਼ ਉੱਤੇ ਛਾ ਗਈ ਸੀ। ਇਸ ਤਰ ੍ਹਾਂ ਸੁਰ ਲਗਾਉਣ ਵਿਚ ਉਸਦੀ ਇਕਾਗਰਤਾ ਭੰਗ ਹੁੰਦੀ ਜਾ ਰਹੀ ਸੀ। ਅੱਜ ਉਸਦਾ 'ਸਾ' ਸੁਰ ਥਿੜਕ ਰਿਹਾ ਸੀ। ਉਹ ਸੁਰ ਲਗਾਂਦਾ ਲਗਾਂਦਾ ਪਤਾ ਨਹੀਂ ਕਿਹੜੀ ਦੁਨੀਆਂ ਵਿਚ ਗੁੰਮ ਹੁੰਦਾ ਜਾ ਰਿਹਾ ਸੀ ਕਿ ਇਕ ਦਮ ਉਸਤਾਦ ਦੀ ਗਰਜਵੀਂ ਆਵਾਜ਼ ਉਸ ਦੇ ਕੰਨਾਂ ਵਿਚ ਪਈ।

-"ਸਤਬੀਰ-ਯੇਹ ਕਿਆ ਕਰ ਰਹੇ ਹੋ- ਠੀਕ ਸੇ 'ਸਾ' ਲਗਾਓ-ਸੁਰ ਕੋ ਸੰਭਾਲੋ।" ਸੁਰ ਦੀ ਪਛਾਣ ਰੱਖਣ ਵਾਲਾ ਉਸਤਾਦ ਚਾਂਦ ਖ਼ਾਨ ਜਿਸ ਦੇ ਕੰਨਾਂ ਵਿਚ ਜ਼ਰਾ ਜਿੰਨੀ ਵੀ ਬੇਸੁਰੀ ਆਵਾਜ਼, ਬੇਅਰਾਮੀ ਪੈਦਾ ਕਰ ਦਿੰਦੀ ਸੀ, ਸਤਬੀਰ ਦੇ ਥਿੜਕਦੇ ਸੁਰ ਬਰਦਾਸ਼ਤ ਨਾ ਕਰ ਸਕਿਆ। ਉਸਤਾਦ ਦੀ ਝਿੜਕ ਸੁਣਦਿਆਂ ਹੀ ਸਤਬੀਰ ਬੇਦਾਰ ਹੋ ਗਿਆ ਅਤੇ ਆਪਣੇ ਮਨ ਨੂੰ ਇਕਾਗਰ ਕਰਕੇ ਅਜਿਹਾ ਸੁਰ ਵਿਚ ਡੁਬਿਆ ਕਿ ਪੂਰੇ ਚਾਰ ਘੰਟੇ ਤਕ ਸੁਰਾਂ ਦਾ ਅਭਿਆਸ ਕਰਦਾ ਰਿਹਾ। ਸਤਬੀਰ ਦੇ

ਇਨ ਾਂ ਸੁਰਾਂ ਸਦਕਾ ਹੀ ਉਸਤਾਦ ਗੂੜ ੀ ਨੀਂਦ ਦੇ ਆਗ਼ੋਸ਼ ਵਿਚ ਘੂਕ ਸੌਂ ਗਿਆ ਸੀ।

ਸਤਬੀਰ ਨੇ ਹੌਲੀ ਜਿਹੇ ਤਾਨਪੁਰਾ ਇਕ ਪਾਸੇ ਦੀਵਾਰ ਨਾਲ ਟਿਕਾ ਕੇ ਰੱਖਿਆ ਅਤੇ ਫਿਰ ਕਮਰੇ 'ਚੋਂ ਬਾਹਰ ਨਿਕਲ ਕੇ ਹੇਠਾਂ ਬਾਜ਼ਾਰ ਵਲ ਆ ਗਿਆ। ਆਪ-ਮੁਹਾਰੇ ਉਸ ਦੇ ਕਦਮ ਬੱਸ ਸਟਾਪ ਵਲ ਮੁੜ ਗਏ ਅਤੇ ਉਹ ਬੱਸ ਸਟਾਪ ਉੱਤੇ ਜਾ ਖੜਾ ਹੋਇਆ। ਉਸਨੂੰ ਇਸ ਗੱਲ ਦੀ ਕੋਈ ਸੋਝੀ ਪ੍ਰਤੀਤ ਨਹੀਂ ਸੀ ਹੋ ਰਹੀ ਕਿ ਉਹ ਬਸ ਸਟਾਪ ਉੱਤੇ ਕਿਵੇਂ ਆ ਖੜਾ ਹੋਇਆ ਹੈ। ਰੂਪਾ ਨੇ ਉਸ ਦੇ ਜ਼ਿਹਨ ਦੇ ਝਰੋਖਿਆਂ ਵਿਚੋਂ ਝਾਕਣਾ ਸ਼ੁਰੂ ਕਰ ਦਿੱਤਾ ਸੀ। ਬਸ ਸਟਾਪ ਉੱਤੇ ਬੇ-ਮਤਲਬ ਖੜਾ ਉਸ ਦੇ ਅੰਦਰ ਰੂਪਾ ਨੂੰ ਮਿਲਣ ਦੀ ਸ਼ਦੀਦ ਖ਼ਾਹਿਸ਼ ਉਭਰ ਆਈ ਸੀ। ਉਹ ਸੋਚ ਰਿਹਾ ਸੀ- 'ਕਾਸ਼ ਜੇ ਕਿਧਰੇ ਰੂਪਾ ਨਜ਼ਰ ਆ ਜਾਵੇ।' ਰੂਪਾ ਨੂੰ ਮੁੜ ਵੇਖਣ ਲਈ ਉਹ ਬੇਚੈਨ ਜਿਹਾ ਹੋ ਰਿਹਾ ਸੀ। ਸ਼ਾਇਦ ਇਹੀ ਬੇਕਰਾਰੀ ਹੀ ਉਸਨੂੰ ਬਾਹਰ ਲੈ ਆਈ ਸੀ। ਪਿਛਲੇ ਕਈ ਮਹੀਨਿਆਂ ਤੋਂ ਉਹ ਉਸਤਾਦ ਦੇ ਘਰ ਰੂਪਾ ਨੂੰ ਵੇਖਦਾ ਰਿਹਾ ਸੀ ਪਰ ਉਸ ਦੀ ਦੀਦ ਦਾ ਅਜਿਹਾ ਤੀਬਰ ਅਹਿਸਾਸ ਉਸ ਨੂੰ ਪਹਿਲਾਂ ਕਦੇ ਨਹੀਂ ਸੀ ਹੋਇਆ। ਅਜ ਇਹ ਕਿਹੋ ਜਿਹੀ ਕਸਕ ਸੀ, ਕਿਹੋ ਜਿਹੀ ਟੀਸ ਸੀ, ਜਿਹੜੀ ਉਸ ਨੂੰ ਬੇਕਰਾਰ ਕਰਦੀ ਜਾ ਰਹੀ ਸੀ? ਸ਼ਾਇਦ ਇਹ ਕਸਕ, ਇਹ ਟੀਸ, ਉਸਨੂੰ ਰੂਪਾ ਦੇ ਨੇੜ ਦੇ, ਉਸ ਅਹਿਸਾਸ ਤੋਂ ਮਿਲੀ ਸੀ ਜੋ ਅਜ ਉਸ ਨੇ ਮਾਣਿਆ ਸੀ। ਉਹ ਰੂਪਾ ਜਿਸ ਨੂੰ ਸਤਬੀਰ ਪਿਛਲੇ ਕਈ ਮਹੀਨਿਆਂ ਤੋਂ ਕਾਰ ਵਿਚੋਂ ਉਤਰਦੀ ਤੇ ਕਾਰ ਵਿਚ ਚੜ ਦੀ ਵੇਖਦਾ ਰਿਹਾ ਸੀ ਅਤੇ ਉਸ ਦੇ ਮਗ਼ਰੂਰ ਤੇ ਘੁਮੰਡੀ ਹੋਣ ਬਾਰੇ ਮਨ ਵਿਚ ਸੋਚਦਾ ਸੀ, ਅਜ ਉਸ ਦੀ ਜ਼ਰਾ ਜਿਹੀ ਮੁਸਕਰਾਹਟ ਨੇ ਸਤਬੀਰ ਦਾ ਨਜ਼ਰੀਆ ਹੀ ਬਦਲ ਦਿੱਤਾ ਸੀ। ਉਹ ਰੂਪਾ, ਜਿਸ ਨਾਲ ਪਹਿਲਾਂ ਕਦੇ ਸਤਬੀਰ ਦੀ ਕੋਈ ਦੁਆ ਸਲਾਮ ਤੱਕ ਨਹੀਂ ਸੀ, ਅੱਜ ਉਸੇ ਰੂਪਾ ਦੀ ਇਕ ਪਿਆਰ ਭਰੀ ਤੱਕਣੀ ਨੇ ਉਸ ਨੂੰ ਕਿਵੇਂ ਬੇਚੈਨ ਕਰ ਦਿੱਤਾ ਸੀ ਅਤੇ ਉਹ ਉਸਦੇ ਮਿਲਣ ਲਈ ਬਹਿਬਲ ਹੋ ਰਿਹਾ ਸੀ। ਸਤਬੀਰ ਸੋਚ ਰਿਹਾ ਸੀ ਕਿ 'ਹੋ ਸਕਦੈ' ਰੂਪਾ ਲਈ ਮੇਰੀ ਇਹ ਤੜਪ ਵਕਤੀ ਜਿਹੀ ਹੋਵੇ। ਰੂਪਾ ਦੇ ਮਨ ਵਿਚ ਕੀ ਹੈ? ਇਸ ਬਾਰੇ ਵੀ ਤਾਂ ਮੈਂ ਕੁਝ ਨਹੀਂ ਜਾਣਦਾ। ਅੱਜ ਸਿਰਫ਼ ਏਨਾ ਹੀ ਇਤਫ਼ਾਕ ਹੋਇਆ ਹੈ ਕਿ ਮੈਂ ਗਾ ਰਿਹਾ ਸਾਂ ਤੇ ਉਹ ਕੋਲ ਬੈਠੀ ਸੁਣ ਰਹੀ ਸੀ ਤੇ ਫਿਰ ਉਸ ਨੇ ਮੇਰੀ ਤਾਰੀਫ਼ ਵਿਚ ਦੋ ਸ਼ਬਦ ਕਹਿ ਦਿੱਤੇ। ਦਰਅਸਲ ਰੂਪਾ ਦੇ ਇਨ ਾਂ ਦੋ ਸ਼ਬਦਾਂ ਵਿਚ ਹੀ ਸਾਰਾ ਜਾਦੂ ਸੀ। ਇਸ ਤੋਂ ਪਹਿਲਾਂ ਤਾਂ ਰੂਪਾ ਕਦੇ ਸਤਬੀਰ ਨਾਲ ਹਮਕਲਾਮ ਨਹੀਂ ਸੀ ਹੋਈ। ਸਤਬੀਰ ਸੋਚ ਰਿਹਾ ਸੀ ਕਿ ਜਿਸ ਤਰ ਾਂ ਦਾ ਪਿਆਰ ਦਾ ਜਜ਼ਬਾ ਮੇਰੇ ਮਨ ਵਿਚ ਰੂਪਾ ਲਈ ਉਮਡ ਰਿਹਾ ਹੈ, ਪਤਾ ਨਹੀਂ ਰੂਪਾ ਦੇ ਮਨ ਵਿਚ ਵੀ ਇਹ ਜਜ਼ਬਾ ਹੋਵੇਗਾ ਕਿ ਨਹੀਂ?

ਆਪਣੀਆਂ ਹੀ ਇਨ ਾਂ ਸੋਚਾਂ ਵਿਚ ਗ਼ਲਤਾਨ ਹੋਇਆ ਸਤਬੀਰ ਬੱਸ ਸਟਾਪ ਉੱਤੇ ਖੜਾ ਸੀ ਕਿ ਇਕ ਦਮ ਬੱਸ ਆ ਗਈ ਅਤੇ ਉਸ ਤੋਂ ਅੱਗੇ ਖੜੇ ਕਈ ਜਣੇ ਬੱਸ ਵਿਚ ਸਵਾਰ ਹੋ ਗਏ। ਉਸ ਨੇ ਇਕ ਜਣੇ ਨੂੰ ਪੁੱਛਿਆ ਕਿ ਇਹ ਬੱਸ ਕਿਧਰ ਵਲ ਜਾ ਰਹੀ ਹੈ ਤਾਂ ਜਵਾਬ ਮਿਲਿਆ ਕਿ 'ਰੀਗਲ ਤੱਕ'। ਉਹ ਵੀ ਇਕ ਦਮ ਬਸ ਵਿਚ ਸਵਾਰ ਹੋ ਗਿਆ ਅਤੇ ਰੀਗਲ ਦਾ ਟਿਕਟ ਕਟਵਾ ਕੇ ਬਸ ਵਿਚ ਜਾ ਬੈਠਾ। ਜਦੋਂ ਰੀਗਲ ਪਹੁੰਚ ਕੇ ਬੱਸ ਰੁਕੀ ਤਾਂ ਸਵਾਰੀਆਂ ਉਤਰਨੀਆਂ ਸ਼ੁਰੂ ਹੋ ਗਈਆਂ। ਸਤਬੀਰ ਵੀ ਬੱਸ ਵਿਚੋਂ ਉਤਰ ਕੇ ਫੁੱਟ-ਪਾਥ ਉੱਤੇ ਤੁਰਦਾ ਗਿਆ। ਫੁੱਟ-ਪਾਥ ਉੱਤੇ ਕਿਸੇ ਕਿਤਾਬਾਂ ਵੇਚਣ ਵਾਲੇ ਨੇ ਪੁਰਾਣੀਆਂ-ਨਵੀਆਂ ਕਿਤਾਬਾਂ ਦਾ ਢੇਰ ਖਿਲਾਰਿਆ ਹੋਇਆ ਸੀ। ਕਈ ਲੋਕ ਕਿਤਾਬਾਂ ਦੇ ਢੇਰ ਵਿਚੋਂ ਆਪਣੇ ਪਸੰਦ ਦੀਆਂ ਕਿਤਾਬਾਂ ਚੁਣ ਰਹੇ ਸਨ। ਸਤਬੀਰ ਵੀ ਕਿਤਾਬਾਂ ਦੇ ਢੇਰ ਕੋਲ ਖਲੋ ਕੇ ਨੀਝ ਨਾਲ ਕਿਤਾਬਾਂ ਦੇ ਟਾਈਟਲ ਪੜ ਨ ਲੱਗਾ। ਉਸ ਦੀ ਨਿਗਾਹ ਉਰਦੂ ਦੇ ਇਕ ਨਾਵਲ 'ਆਗ ਕਾ ਦਰਿਆ' ਉੱਤੇ ਪਈ। ਕੁੱਰਾਤੁੱਲਐਨ ਹੈਦਰ ਦੇ ਇਸ ਨਾਵਲ ਬਾਰੇ ਉਸ ਨੇ ਆਪਣੇ ਚਾਚੇ ਰਣਜੀਤ ਤੋਂ ਸੁਣਿਆ ਹੋਇਆ ਸੀ। ਉਸ ਨੇ ਝੱਟ ਪਟ ਉਨ ਾਂ ਕਿਤਾਬਾਂ ਦੇ ਢੇਰ ਵਿਚੋਂ 'ਆਗ ਕਾ ਦਰਿਆ' ਚੁਕ ਲਿਆ ਅਤੇ ਉਸਦੇ ਵਰਕੇ ਉਲਟ ਪੁਲਟ ਕੇ ਵੇਖਣ ਲੱਗ ਪਿਆ। ਕਿਤਾਬ ਦੀ ਹਾਲਤ ਬੜੀ ਖ਼ਸਤਾ ਸੀ। ਕਈ ਥਾਵਾਂ ਤੋਂ ਵਰਕੇ ਬੜੀ ਬੇਰਹਿਮੀ ਨਾਲ ਫਾੜੇ ਹੋਏ ਸਨ। ਇੰਜ ਜਾਪਦਾ ਸੀ ਕਿ ਕਿਤਾਬ ਕਿਸੇ ਬਦਜ਼ੌਕ ਆਦਮੀ ਦੇ ਹੱਥਾਂ ਵਿਚੋਂ ਨਿਕਲ

ਕੇ ਹੀ ਇਥੇ ਪਹੁੰਚੀ ਸੀ। ਸਤਬੀਰ ਨੂੰ ਗੁੱਸਾ ਆਇਆ, ਉਨ ਾਂ ਲੋਕਾਂ ਉੱਤੇ ਜੋ ਆਪਣੇ ਬਹਿਤਰੀਨ ਅਦਬ ਨੂੰ ਇਸ ਤਰ ਾਂ ਰੋਲਦੇ ਫਿਰਦੇ ਹਨ। ਜਿਸ ਮੁਲਕ ਵਿਚ ਅਦਬ ਤੇ ਅਦੀਬ ਦੀ ਕਦਰ ਨਾ ਹੋਵੇ ਉਹ ਮੁਲਕ ਕਦੇ ਵੀ ਸਭਿਆ ਨਹੀਂ ਅਖਵਾ ਸਕਦਾ। ਸਤਬੀਰ ਨੇ 'ਆਗ ਕਾ ਦਰਿਆ' ਵਾਪਸ ਆਪਣੀ ਥਾਂ ਰੱਖ ਦਿੱਤਾ ਅਤੇ ਅੱਗੇ ਤੁਰ ਪਿਆ।

ਜਦੋਂ ਉਹ ਰੀਗਲ ਸਿਨੇਮਾ ਅੱਗੋਂ ਲੰਘ ਕੇ ਸਟੈਂਡਰਡ ਰੈਸਤੋਰਾਂ ਕੋਲ ਪੁਜਿਆ ਤਾਂ ਉਸ ਨੇ ਵੇਖਿਆ, ਕਾਲੇ ਰੰਗ ਦੀ ਉਹੋ ਫ਼ੀਏਟ ਕਾਰ ਜਿਸ ਵਿਚ ਰੂਪਾ ਰੋਜ਼ ਆਉਂਦੀ ਸੀ-ਇਕ ਪਾਸੇ ਸੜਕ ਦੇ ਲਾਗੇ ਫੁੱਟ-ਪਾਥ ਕੋਲ ਖੜੀ ਸੀ। ਸਤਬੀਰ ਇਕ ਦਮ ਠਠੰਬਰ ਕੇ ਖਲੋ ਗਿਆ-'ਹੈਂ ! ਇਹ ਤਾਂ ਰੂਪਾ ਦੀ ਹੀ ਕਾਰ ਹੈ।' ਤੇ ਉਸ ਦਾ ਦਿਲ ਜ਼ੋਰ ਜ਼ੋਰ ਨਾਲ ਧੜਕਨ ਲੱਗ ਪਿਆ। ਖ਼ੁਸ਼ੀ ਤੇ ਹੈਰਾਨੀ ਦੇ ਮਿਲੇ ਜੁਲੇ ਅਹਿਸਾਸ ਨਾਲ ਉਹ ਭਰ ਗਿਆ। ਕਾਰ ਦੇ ਸ਼ੀਸ਼ੇ ਬੰਦ ਸਨ ਅਤੇ ਜਦੋਂ ਸਤਬੀਰ ਨੇ ਏਧਰ-ਓਧਰ ਨਿਗ ਾ ਮਾਰ ਕੇ ਵੇਖਿਆ ਤਾਂ ਫੁੱਟ-ਪਾਥ ਦੇ ਕੋਲ ਬਣੇ ਇਕ ਪਾਨ ਵੇਚਣ ਵਾਲੇ ਖੋਖੇ ਦੇ ਕੋਲ ਸੁੱਕੇ ਜਿਹੇ ਮੂੰਹ ਵਾਲਾ ਰੂਪਾ ਦੀ ਕਾਰ ਦਾ ਡਰਾਈਵਰ ਖੜ ਾ ਸੀ। ਡਰਾਈਵਰ ਮੂੰਹ ਵਿਚੋਂ ਪਾਨ ਦੀ ਪੀਕ ਸੁੱਟਦਾ ਹੋਇਆ ਪਾਨਵਾੜੀ ਨਾਲ ਗੱਲੀਂ ਰੁੱਝਿਆ ਹੋਇਆ ਸੀ। ਸਤਬੀਰ ਨੇ ਉਸ ਵੱਲੋਂ ਨਜ਼ਰ ਹਟਾ ਕੇ ਜਦ ਸਟੈਂਡਰਡ-ਰੈਸਤੋਰਾਂ ਦੇ ਸ਼ੀਸ਼ਿਆਂ ਵਾਲੇ ਦਰਵਾਜ਼ੇ ਵਲ ਨਿਗ ਾ ਮਾਰੀ ਤਾਂ ਉਸ ਨੇ ਵੇਖਿਆ ਕਿ ਰੂਪਾ ਖੜੀ ਸੀ। ਉਸ ਦੇ ਨਾਲ ਇਕ ਹੋਰ ਔਰਤ ਵੀ ਸੀ। ਰੂਪਾ ਦੀ ਪਿੱਠ ਉਸ ਵਲ ਸੀ। ਹਲਕੇ ਜਿਹੇ ਪਿਆਜ਼ੀ ਰੰਗ ਦੀ ਰੇਸ਼ਮੀ ਸਲਵਾਰ ਕਮੀਜ਼ ਵਿਚ ਉਹ ਕਿੰਨੀ ਸੋਹਣੀ ਲੱਗ ਰਹੀ ਸੀ। ਉਸ ਦੀ ਕਮੀਜ਼ ਦੇ ਗਲ਼ੇ ਦੀ ਡੂੰਘੀ ਗੋਲਾਈ ਕਰਕੇ ਪਿੱਛੇ ਗਰਦਨ ਤੋਂ ਹੇਠਾਂ ਉਸਦੀ ਗੋਰੀ ਪਿੱਠ ਅੱਧੇ ਚੰਨ ਵਾਂਗ ਡਲ ਕਾਂ ਮਾਰ ਰਹੀ ਸੀ ਜਿਸ ਦੇ ਅੱਧ ਵਿਚਾਲੇ ਸਿਰ ਦੇ ਘਣੇ ਮੁਲਾਇਮ ਵਾਲਾਂ ਦੀ ਭਰੀ ਜਿਹੀ ਗੁੱਤ ਉਸ ਦੀ ਕਮਰ ਤੱਕ ਹਿਚਕੋਲੇ ਖਾ ਰਹੀ ਸੀ। ਇਕ ਵਾਰੀ ਤਾਂ ਸਤਬੀਰ ਉਸ ਵਲ ਖਿੱਚਿਆ ਹੀ ਗਿਆ ਪਰ ਫਿਰ ਉਹ ਝਟਪਟ ਇਕ ਪਾਸੇ ਹੋ ਗਿਆ ਅਤੇ ਅੱਗੇ ਨੂੰ ਤੁਰ ਪਿਆ ਪਰ ਰੂਪਾ ਦੀ ਪਿੱਠ ਉਸ ਦੀ ਪਿੱਠ ਪਿੱਛੇ ਅੱਖਾਂ ਬਣ ਕੇ ਉਸ ਦੇ ਜ਼ਿਹਨ ਵਿਚ ਮੰਡਲਾਉਣ ਲਗ ਪਈ। ਉਹ ਸ਼ਸ਼ੋਪੰਜ ਵਿਚ ਹੌਲੀ ਹੌਲੀ ਅੱਗੇ ਤੁਰਦਾ ਗਿਆ। ਉਸ ਦੇ ਜ਼ਿਹਨ ਵਿਚ ਇਹੋ ਵਿਚਾਰ ਕਰਵਟਾਂ ਲੈਣ ਲਗਾ ਕਿ ਰੂਪਾ ਨੂੰ ਮਿਲੇ ਜਾਂ ਨਾ? ਉਸ ਦੇ ਦਿਲ ਦੀ ਧੜਕਨ ਤੇਜ਼ ਹੁੰਦੀ ਗਈ। ਉਸ ਨੂੰ ਕੁੱਝ ਵੀ ਨਹੀਂ ਸੀ ਸੁੱਝ ਰਿਹਾ ਕਿ ਅਜਿਹੇ ਮੌਕੇ ਉੱਤੇ ਜੇ ਰੂਪਾ ਨੂੰ ਮਿਲੇ ਤਾਂ ਕੀ ਕਹੇ? ਇਸ ਤਰ ਾਂ ਜਦੋਂ ਸੋਚਾਂ ਵਿਚ ਉਹ ਤੁਰਦਾ ਸਟੈਂਡਰਡ ਰੈਸਤੋਰਾਂ ਤੋਂ ਅੱਗੇ ਨਿਕਲ ਗਿਆ ਤਾਂ ਉਸਨੇ ਫਿਰ ਮੁੜ ਪਿਛੇ ਵਲ ਵੇਖਿਆ। ਰੂਪਾ ਦੀ ਕਾਰ ਉਸੇ ਤਰ ਾਂ ਫੁੱਟ-ਪਾਥ ਦੇ ਲਾਗੇ ਖੜੀ ਸੀ ਅਤੇ ਉਹ ਸੁੱਕੇ ਜਿਹੇ ਮੂੰਹ ਵਾਲਾ ਡਰਾਈਵਰ ਵੀ ਹੁਣ ਕਾਰ ਦੇ ਬਾਨਟ ਕੋਲ ਖੜਾ ਸੀ। ਸਤਬੀਰ ਇਕ ਦਮ ਪਿੱਛੇ ਵਲ ਪਰਤਿਆ ਅਤੇ ਮੁੜ ਸਟੈਂਡਰਡ ਰੈਸਤੋਰਾਂ ਕੋਲ ਜਦ ਪੁਜਿਆ ਤਾਂ ਅੱਗੋਂ ਸ਼ੀਸ਼ੇ ਦਾ ਦਰਵਾਜ਼ਾ ਖੋਲ ਦੀ ਹੋਈ ਰੂਪਾ ਤੇ ਉਸ ਦੇ ਨਾਲ ਦੀ ਔਰਤ ਬਾਹਰ ਵਲ ਨਿਕਲੀਆਂ। ਰੂਪਾ ਦੇ ਹੱਥਾਂ ਵਿਚ ਵੱਡਾ ਸਾਰਾ ਪੈਕਟ ਸੀ। ਦਰਵਾਜ਼ਿਓਂ ਬਾਹਰ ਨਿਕਲਦਿਆਂ ਹੀ ਉਸਦੀ ਨਜ਼ਰ ਸਤਬੀਰ ਉੱਤੇ ਪਈ ਅਤੇ ਉਸਨੂੰ ਵੇਖਦਿਆਂ ਹੀ ਉਹ ਇਕ ਦਮ ਖ਼ੁਸ਼ੀ ਨਾਲ ਕਹਿ ਉਠੀ- 'ਸਤਬੀਰ ਜੀ, ਤੁਸੀਂ ਏਥੇ?' ਅਤੇ ਫਿਰ ਉਸ ਦੇ ਨਾਲ ਵਾਲੀ ਔਰਤ ਵਲ ਮੁਖ਼ਾਤਿਬ ਹੋ ਕੇ ਕਿਹਾ- 'ਮੰਮੀ-ਇਹ ਸਤਬੀਰ ਜੀ ਨੇ- ਅੱਜ ਇਨ ਾਂ ਦਾ ਗਾਣਾ ਸੁਣਿਆ ਬਹੁਤ ਹੀ ਵਧੀਆ ਗਾਉਂਦੇ ਨੇ-'

ਰੂਪਾ ਨੇ ਇਕੋ ਸਾਹ ਵਿਚ ਇਹ ਸਭ ਏਨੀ ਖ਼ੁਸ਼ੀ ਨਾਲ ਕਿਹਾ ਕਿ ਸਤਬੀਰ ਦੀ ਅੰਦਰ ਦੀ ਧੜਕਨ ਇਕ ਦਮ ਸ਼ਾਂਤ ਹੋ ਗਈ, ਉਸਨੇ ਰੂਪਾ ਦੀ ਮੰਮੀ ਵਲ ਹੱਥ ਜੋੜਦਿਆਂ ਬੜੀ ਹਲੀਮੀ ਨਾਲ ਨਮਸਤੇ ਕਹੀ ਅਤੇ ਆਪਣੀ ਤਾਰੀਫ਼ ਉੱਤੇ ਸ਼ਰਮਿੰਦਾ ਜਿਹਾ ਹੋ ਕੇ ਕਹਿਣ ਲੱਗਾ,(ਚੱਲਦਾ)

144/8, ਅਰੋੜਿਆਂ ਵਾਲੀ ਗਲੀ, ਨੇੜੇ ਸੈਫਾਬਾਦੀ ਗੇਟ, ਪਟਿਆਲਾ-147001
ਮੋਬਾ. 98154-78936

# तबला–वादन का पंजाब घराना

कमलेश इन्दर सिंह

## 3.1 घराना शब्द की व्याख्या तथा तबला वादन का पंजाब घराना

जब कोई कला किसी विलक्षण प्रतिभा के धनी किसी विद्वान के प्रयासों से विकसित होकर प्रतिष्ठा प्राप्त करती है और उस कला में व्याकरण के नियमों का पालन कर वैज्ञानिक ढंग से कार्य किया जाता है तो आगे उसी कला को समाज में विकसित करने की सम्भावनाएँ छिपी रहती हैं तो इस प्रकार कहा जा सकता है कि, किसी परम्परा का आरंभ अथवा उद्‌गम होता है तथा इन्ही नियमों एवं मर्यादाओं का पालन करते हुए उन्ही विद्वतजनों के शिष्यों तथा प्रशिष्यों के द्वारा अपनी बुद्धि तथा विवेक के बल पर मूल कला में कुछ परिवर्तन कर अपनी कला को विकसित करने का प्रयास भी किया जाता है। इस प्रकार किसी नवीन शैली अथवा परम्परा का उदय होता है। डॉ. अबान–ई–मिस्त्री के अनुसार "कोई आसाधरण प्रतिभाशाली, प्रबल महत्वाकांशी और कुछ विशेषकर दिखाने वाला क्षमतापात्र व्यक्ति जब अपनी परम्परागत विद्या में एक अभिनय सौन्दर्य कल्पना का विकास करता है, तब उसकी राकला निर्मित में एक पृथक दृष्टिकोण, पूर्ण वैशिष्ट का उद्भव होता है, वही उसकी एक निराली शैली बनती है"[1], कहने का तात्पर्य यह है कि इस प्रकार संगीत के क्षेत्र में घरानों का उद्‌गम हुआ है।

अब हम यह जानने का प्रयास करेंगे कि 'घराना' शब्द का अर्थ क्या है? "घराना" शब्द का प्रयोग हमारे समाज में कुटम्ब, परिवार, वंश, कुल, खानदान अथवा परम्परा आदि अर्थों में प्रयुक्त होता है। वास्तव में घराना शब्द की उत्पत्ति 'घर' शब्द से हुई है। घर शब्द का अर्थ साधारणतः हमारे भारतीय समाज में 'मकान' अथवा 'ग्रह' से लिया जाता है।

---

[1] डॉ. अबान–ई मिस्त्री, पखावज और तबले के घराने एवं परम्पराएं, पृष्ठ 46–47

धर्मिक क्षेत्र में 'घराना' शब्द के लिए 'सम्प्रदाय' अथवा 'टकसाल' आदि शब्द का प्रयोग भी यथासंभव किया जाता है और ये भी कहा जाता है कि आमुक व्यक्ति उस सम्प्रदाय अथवा टकसाल से संबंध रखता है। आदि ग्रन्थ 'गुरु ग्रन्थ साहिब' की पवित्र वाणी में भी 'टकसाल' शब्द का प्रयोग गुरवाणी पदों के अन्तर्गत हुआ है।

1. भांडा भाओ अम्रित तित ढाल

घड़ीऐ शब्द सच्ची "टकसाल"[2] (गुरु नानक देवी जी, जपजी साहिब)

2. गुरमुखि सेवा घालि जिनि घाली

तिस घडीऔ शब्द सच्ची टकसाली।।[3] (गुरु राम दास जी , राग भैरो)

अर्थात् श्रद्धा और प्रेम से सिंचित बर्तन रुपी मन में ही अमृत बाणी को टिकाया जा सकता है तथा जिस प्रकार धन के सिक्के को एक सच्ची टकसाल में घड़ा जाने के बाद ही उसे मान्यता प्राप्त होती है। ठीक उसी प्रकार गुरु के मन्त्र रुप शब्द को सच्चे गुरु की शरण व टकसाल (घर) में जाकर ज्ञान के द्वारा प्राप्त किया जा सकता है।

दुसरे अर्थों में जिस प्रकार एक उत्तम कारीगर के हाथों तैयार हुई मूर्त शोभनिय होती है। ठीक उसी प्रकार गुरमुख व्यक्ति भी (अर्थात् गुरु का शिष्य) गुरु की टकसाल अर्थात् घर में रहते हुए तथा अपने परिश्रम और सेवा भाव से गुरु द्वारा दी सच्ची शिक्षा को प्राप्त कर अपने जीवन को सुफल कर लेता है।

इसी प्रकार कला और साहित्य के लिए अंग्रेजी शब्द 'स्कूल' घराना शब्द के पर्यायवाची शब्द रूप में प्रयुक्त होता है।

संगीत क्षेत्र में गुरू शिष्य परम्परा के अन्तर्गत सीना-बसीना चलने वाली गायन या वादन की परम्परा को 'घराना' शब्द से विभूषित किया जाता है। संगीत

---

[2] गुरु ग्रन्थ साहिब , पृष्ठ 8

[3] भैरो, पृष्ठ 1134

के क्षेत्र में यह आवश्यक नहीं होता कि परिवार, कुटुम्भ, वंश अथवा परम्परा आदि में संगीतज्ञों का सम्बन्ध या रिश्ता अपने शिष्यों से खून का हो, यहां पर यह रिश्ता गुरू–शिष्य परम्परा के आधार पर ही चलता है। डॉ. योग माया शुक्ल का यह मानना है कि 'परिवार' शब्द संगीत का व्यवसाय करने वाले रक्त सम्बन्धियों को अभिव्यक्त करता है इस दृष्टि में 'सम्प्रदाय' शब्द परिवार की तुलना में अधिक उपयुक्त है जब कि परिवार का प्रयोग करना यहां संकुचित अर्थवाला प्रतीत होता है क्योंकि परिवार शब्द का अर्थ साधरणतः रक्त सम्बन्धित लोगों के समुह से लिया जाता है, इस प्रकार डॉ. योग माया शुक्ल ने घराना शब्द के पर्यायवाची शब्दों में 'सम्प्रदाय' अथवा परम्परा जैसे शब्दों को उपयुक्त मानते हुए लिखा हैं " जब कोई कला विद्या विकसित व परिष्कृत होते होते इतनी सुसंस्कृत और समृद्ध हो जाती है कि कला मर्मज्ञ जनसमाज में उसकी विशेष मान्यता व प्रतिष्ठा हो जाती है तब उसकी एक परम्परा चल पडती है।[4] शास्त्र और सम्प्रदाय भारत में किसी भी विधा रूपी रथ के दो पहियों के समान हैं।[5]

आज संगीत क्षेत्र में गायन, वादन तथा शास्त्रीय नृत्य और तबला, पखावज वादन के घराने प्रचार में हैं। प्रत्येक घराने की अपने–अपने क्षेत्रों में मौलिक विशेषताएं हैं तथा इन्ही विशेषताओं के कारण गायन, वादन तथा नृत्य का घराना हर एक दूसरे घराने से अलग पहिचान रखता है। हमारा मानना है कि विद्यार्थी जीवन का मुख्य लक्ष्य ही ज्ञान की प्राप्ति करना होता है इस लिए संगीत के विद्यार्थी को चाहे किसी भी घराने की कोई बंदिश अथवा रचना कहीं से भी प्राप्त हो उसे ग्रहण कर अपने ज्ञान में वृद्धि करनी चाहिए।

हिन्दुस्तानी शास्त्रीय संगीत में 'घराणा' परम्परा सामाजिक कार्यों की भांति कार्य करता है जहां गायन, वादन तथा नृत्य के अन्तर्गत शास्त्रीय संगीतज्ञों का मण्डल स्वतन्त्र रूप अपने–अपने से घराना नियमों का पालन कर तथा घराना परम्परा को एक उत्तम विचारधारा मानकर अपना कार्य करता है। 'घराना' शब्द

[4] डॉ. योग माया शुक्ल, तबले का उद्गम विकास और वादन शैलियां, पृष्ठ [illegible]
[5] आचार्य बृहस्पति, नाट्यशास्त्र का 28वां अध्याय (आचार्य [illegible] से संदर्भित)

हिन्दी तथा उर्दू भाषा के 'घर' शब्द से आया है। घराना परम्परा के अन्तर्गत शास्त्रीय संगीत नियमों का पालन एक विलक्षण सोच के आधार पर ही किया जाता है। उदाहरण के रूप में गायन तथा तबला वादन के क्षेत्र में कुछ विशेष संगीत घराने अस्तित्व में आए जैसे आगरा घराना, ग्वालियर घराना, जयपुर घराना, पटियाला घराना, पंजाब घराना, दिल्ली घराना, बनारस घराना (तबला वादन)।

In Hindustani music a gharana is a system of social organization living musicians or dancer by lineage or abbrenticeshif, and by adherence to a particular musical style. A gharana also indicates a comprehensive musicological ideology. The word gharana comes from the Urdu/Hindi word 'ghar', which means 'family' or 'house'. It typically refers to the place where the musical ideology originated; for example, some of the gharanas well known for singing khyals are: Agra, Gwalior, Indore, Jaipur, Kirana, and Patiala.[6]

## घरानों का उद्‌गम

घराना परम्परा का उद्‌गम स्थान गुरू शिष्य प्रनाली को ही माना जाता है। ऐतिहासिक दष्टिकोण से अगर विचार किया जाए तो प्राचीन समय में भारतीय शास्त्रीय संगीत के अन्तर्गत 'ध्रुपद्ध' तथा 'धमार' गायकी का प्रचार अधिक था तो 'ध्रुपद्ध' गायन की चार वाणीयां उस समय प्रचार में थी अर्थात् इन्ही वाणीयों को ध्रुपदीयों के चार घराने भी कहा जा सकता है। अगर हम और पीछे जाएं तो संगीत शास्त्र ग्रन्थों का अवलोकन करने पर यह ज्ञात होता है कि ध्रुपद्ध गायन के प्रचार से पहले भी भरतमत, शिवमत, हनुमन्त मत, नारद मत यह चार मत प्रचार में थे जो वास्तव में आज के संगीत घरानों का ही रूप थे। इस दृष्टिकोण के अनुसार अगर यह कहा जाए कि घरानों का प्रचार पिछली दो–तीन सदियों से हुआ है, यह बात तर्क संगत प्रतीत नहीं होती।

## श्री काले राम (तबला वादक)

श्री काले राम पंजाब घराने के प्रसिद्ध एवं मधुर्य कलाकार हैं। तबले के बोलों को बड़ी शुद्धता तथा संजीदगी से प्रस्तुत करना और गायक वादक कलाकार को समझ कर संगति करना आप की विशेषता है। आप शास्त्रीय गायक वादकों के साथ तबला संगति करते ही हैं सुगम संगीत लोक संगीत तथा तबले के स्वतन्त्र वादन में भी आपको महारत प्राप्त है। तबला वादन करते समय दायाँ तथा बायाँ तबले पर हाथ तथा बोलों की दाव गांठ का काम सुन कर श्रोतागण मन्त्रमुग्ध हो जाते हैं। तबले पर 'तिरकिट' के बोलों का निकास बड़ी कुशलता तथा तैयारी से पेश करना आपकी विशेषता है। इस बात के पिछे आप स्वंय को प्रसिद्ध तबला वादक उस्ताद करामतुल्ला खां से प्रभावित होना बताते हैं

आपका जन्म 8 फरवरी, सन् 1946 ई. को अमृतसर (पंजाब) में पिता श्री रतन चन्द जी के घर हुआ। आपके पिता जी को संगीत से अधिक लगाव था। आपके पिता जी के मित्र जब घर आते तो काले राम जी का छोटी उम्र में ही तबला वादन सुन कर कहते थे कि एक दिन यह बालक प्रसिद्ध कलाकार बन कर देश की सेवा करेगा। आपने तबला–वादन का प्रारंभिक शिक्षा अमृतसर में ही बाबा ललित किशोर जी से प्राप्त की। इस प्रकार आपने बाबा जी के पास रह कर तबले की आधारभूत बारीकियों का ज्ञान प्राप्त तथा इसके उपरांत आपने पंजाब घराने के तबला वादन की उच्चस्तरीय शिक्षा की प्राप्ति के लिए उस्ताद लच्छमण सिंह 'सीन' (जालंधर) जी को अपना गुरू धारण किया। आपने तबले के दार्शनिक पक्ष की ओर अधिक ध्यान दिया है। तबला वादन के प्रति सर्मपन भाव तथा आपकी श्रद्धा को देखते हुए गुरु लच्छमन सिंह सीन जी ने आपको दिल खोल कर तबले की बारीकियों एवं तकनीकी पक्ष से अवगत करवाया।

वास्तव यह भी एक वैज्ञानिक सत्य है कि श्रद्धा भाव के बिना ज्ञान लाभ प्राप्त नहीं किया जा सकता। इस प्रकार श्री काले राम जी के अपने गुरु तथा तबला वाद्य के प्रति श्रद्धा लगन मेहनत तथा ईमानदारी जैसे भाव अपना रंग लाने

लगे तथा धीरे धीरे आपका नाम तबला वादन के क्षेत्र में चमकने लगा तथा आप आकाशवाणी तथा दूरदर्शन जालंधर के 'ए' ग्रेड प्राप्त कलाकार बन गए। आपके हाथ की मिठास तथा सही समय पर सही बोलों का चुनाव कर तबला संगति करना आपकी मुख्य विशेषता रही है। यही कारण है कि पंजाब तथा भारत के विभिन्न स्थानों से अपनी गायन, वादन प्रस्तुति के लिए आकाशवाणी तथा दूरदर्शन जालंधर केन्द्र पर आने वाले भारत के प्रसिद्ध कलाकार तथा पंजाब में होने वाले प्रमुख संगीत सम्मेलनों में आपके तबला–संगति की अधिक मांग रहती है।

आपने देश के दिग्गज कलाकारों के साथ तबले पर संगत की है जैसे श्रीमति गिरजा देवी, बेगम परवीण सुल्ताना, पंडित विनायक राव पटवर्धन, पंडित जसराज, पंडित नारायण राव व्यास, पंडित कृष्ण राव शंकर, श्रीमति शोभा गुटु, श्रीमति गिरजा देवी, उस्ताद अब्दुल हलीम जाफर, उंस्ताद रईस खां, पंडित मणी लाल नाग, उस्ताद साबरी खां, पंडित राजन, साजन मिश्रा, उस्ताद अमजद अली खां, पंडित हरि प्रसाद चौरसिया, उस्ताद सलामत अली, पंडित विश्व मोहन भट्ट, मास्टर रतन, उस्ताद शाहिद परवेज, उस्ताद हाफिज अहमद खां, श्रीमति सुलोचना बृहस्पति, उस्ताद अब्दुल हलीम जाफर, पडित बलदेव राय भट्ट बुद्धा दित्य मुखर्जी ,उस्ताद शहिद परवेज, पंडित भीम सैन जोशी, श्री मती प्रभा अत्रे, पंडित लालमणि मिश्र, श्री नरिन्द्र नरूला, श्री हरविंदर शर्मा, प्रसिद्ध रागी भाई निरंजन सिंह इत्यादि कलाकारों के नाम विशेष उल्लेखनीय हैं।

स्वतन्त्र तबला वादन कार्यक्रम :– पंडित काले राम आपने तबला संगति के साथ साथ स्वतन्त्र तबला वादन कर लोगों को मंत्र मुग्ध करते रहते हैं जैसे हरिबल्लभ सगीत सम्मेलन (जालंधर), भरकर राव संगीत समारोह (चण्डीगढ़), संगीत लोक अंबाला, सर शंकर लाल म्युजिक फैसटीवल (दिल्ली), इत्यादि संगीत बैठकों तथा संगीत सभाओं में आपने स्वतन्त्र तबला वादन की प्रस्तुतियाँ दी हैं। आप एक नामवर तबला वादक होने के साथ एक अच्छे तबला शिक्षक भी हैं, यही कारण है कि आपसे तबला वादन की शिक्षा प्राप्त कर आपके शिष्य आज भारत

तथा विदेशों में तबला–वादन कर अपने देश तथा पंजाब घराने की तबला शिक्षा का प्रचार एव नाम रौशन कर रहे हैं। आपके प्रमुख शिष्यों मे जयदेव (पुत्र) रघुवीर सिंह, श्री सुभाष चन्द्र, श्री संतोष कटारीया (चणीगढ़) तथा श्री तिलकराज इत्यादि शिष्यों के नाम विशेष उल्लेखनीय हैं।

आपको देश में होने वाले संगीत सम्मेलनों से निमन्त्रण प्राप्त होते रहते हैं इस प्रकार आप संगीत सेवा में सलग्न है। एक लंबे समय तक जालंधर दूरदर्शन केन्द्र पर स्टाफ आर्टिसट के रूप में तबला वादन की सेवाएं देने के उपरांत वर्ष, 2006 में आप सेवा निवृत हो गए।

वर्तमान समय में आप अपने स्वतन्त्र तबला–वादन तथा तबला संगत एवं तबला शिक्षण का कार्य बड़ी लगन तथा ईमानदारी से संगीत को समर्पित होकर एक सच्चे साधक कलाकार के रूप में कर रहे हैं। ऐसे महान तबला वादक को हमारा नमन।

Department of Music
Dev Smaj College for Women, Sector 45-B, Chandigarh
Mob.: 8146992454

## ਸੁਰ ਲਿਪੀ– ਰਾਗ ਸੂਰਦਾਸੀ ਮਲ੍ਹਾਰ

ਗੁਰਬਖ਼ਸ਼ ਸਿੰਘ (ਕਰਤਾ ਰਾਗਾਂਜਲੀ) WWW.GURBANIRAAGS.COM

ਸੂਰਦਾਸੀ ਜਾਂ ਸੂਰ ਮਲ੍ਹਾਰ ਦੀ ਮੂਲ ਬਣਤਰ ਧੈਵਤ ਸਹਿਤ ਮੀਂਢ ਪ੍ਰਧਾਨ ਬਿੰਦਰਾਬਨੀ ਸਾਰੰਗ ਦੀ ਹੈ। ਇਸ ਵਿੱਚ ਗੰਧਾਰ ਵਰਜਤ, ਦੋਵੇਂ ਨਿਖਾਦ ਅਤੇ ਬਾਕੀ ਸੁਰ ਸ਼ੁੱਧ ਲੱਗਦੇ ਹਨ। ਰਾਤ ਦੇ ਦੂਸਰੇ ਪਹਿਰ ਜਾਂ ਬਰਖਾ ਰੁੱਤ ਵਿੱਚ ਕਿਸੇ ਵੀ ਪਹਿਰ ਗਾਏ ਜਾਣ ਵਾਲੇ ਇਸ ਰਾਗ ਦਾ ਵਾਦ ਸੰਵਾਦ ਮ–ਸ ਦਾ ਹੈ।

ਇਸ ਰਾਗ ਦੇ ਅਵਰੋਹ ਵਿੱਚ ਜਦ ਸ਼ੁੱਧ ਧੈਵਤ ਦਾ ਪ੍ਰਯੋਗ ਹੁੰਦਾ ਹੈ ਤਾਂ ਰਾਗ ਦੇਸ ਵੀ ਨਜ਼ਰ ਆਉਂਦਾ ਹੈ। ਮਲ੍ਹਾਰ ਦਾ ਰੰਗ ਵਖਾਉਣ ਲਈ ਆਰੋਹ ਵਿੱਚ ਰਿਖਬ ਉੱਤੇ ਮੱਧਯਮ ਦਾ ਕਣ ਲਾ ਕੇ ਪੰਚਮ ਉੱਤੇ ਮੀਂਢ ਸਹਿਤ ਜਾਇਆ ਜਾਂਦਾ ਹੈ। ਸਾਰੰਗ ਦੀ ਨਿਆਈ ਆਰੋਹ ਵਿੱਚ ਸ਼ੁੱਧ ਨਿਖਾਦ ਅਤੇ ਅਵਰੋਹ ਵਿੱਚ ਕੋਮਲ ਨਿਖਾਦ ਦਾ ਪ੍ਰਯੋਗ ਹੈ। ਅਵਰੋਹ ਵਿੱਚ ਧੈਵਤ ਦਾ ਪ੍ਰਯੋਗ ਅਲਪ ਹੈ ਪਰ ਆਰੋਹ ਵਿੱਚ ਇਹ ਸੁਰ ਵਰਜਤ ਹੈ। ਮੱਧਯਮ ਨਿਆਸ ਅਤੇ ਵਾਦੀ ਸੁਰ ਹੋਣ ਦੇ ਨਾਤੇ ਇਹ ਰਾਗ ਸਾਰੰਗ ਤੋਂ ਅਤੇ ਗੰਧਾਰ ਦੀ ਅਣਹੋਂਦ ਕਰਕੇ ਦੇਸ ਤੋਂ ਵੱਖਰਾ ਹੋ ਜਾਂਦਾ ਹੈ। ਇਸ ਦਾ ਵਿਸਥਾਰ ਮੱਧ ਅਤੇ ਤਾਰ ਸਪਤਕ ਵਿੱਚ ਜ਼ਿਆਦਾ ਸੋਭਦਾ ਹੈ।

**ਚਾਲ :** (ਮ)ਰ ਮ ਰ – ਸ, ਸ ਰ ਮ – ਮ ਪ ਮ (ਮ)ਰ –(ਨ਼)ਸ, ਰ ਮ – ਮ ਰ ਨ਼ ਸ, ਸ ਰ ਮ ਰ – (ਸ)ਨ਼ – ਸ, ਮ (ਮ)ਰ (ਮ)ਰ – ਪ, ਮ ਪ (ਮ)ਰ ਮ ਰ – ਨ਼ ਸ, ਸ ਨ਼ ਪ਼ – ਮ਼ ਪ਼ ਨ਼ (ਧ਼)ਪ਼ ਨ਼ – ਸ, ਸ (ਮ)ਰ – ਪ ਮ – ਮ ਪ ਨੁ ਧ ਪ – ਮ ਪ ਨੁ ਮ ਨ – ਸਂ ਸਂ (ਮਂ)ਰਂ – ਮਂ – ਮਂ (ਮਂ)ਰਂ – (ਰਂ)ਨ – ਸਂ, ਸਂ ਨੁ ਧ ਪ ਮ – ਮ ਨੁ ਧ ਪ – ਰ – ਪ ਮ ਪ ਨੁ – ਧ ਪ ਨ – ਸਂ, ਸਂ ਰਂ ਨੁ ਧ ਮ ਪ ਨੁ ਪ ਮ ਰ ਮ – (ਮ)ਰ – ਨ਼ – ਸ।

### ਅਸਥਾਈ

| | | | | | | | | | | | |
|---|---|---|---|---|---|---|---|---|---|---|---|
| (ਸ)ਸਂ | ਸਂ | ਰਂ | ਨ | ਸਂ | ਸਂ | ਨੁ | – | ਧੁਧੁ | ਧ | ਮ | ਪ |
| ਬ | ਰ | ਸ | ਸ | ਰ | ਸ | ਆ | ऽ | ਗ੍ਰਿऽ | ਆ | ऽ | ऽ |
| (ਮ)ਰ | (ਮ)ਰ | ਪ | ਮ | – | ਮ | (ਮ)ਰ | (ਰ)ਮ | (ਰ)ਮ | ਰ | – | ਸ |
| ਹੋ | ਹਿ | ਆ | ਨੰ | ऽ | ਦ | ਸ | ਗ | ਲ | ਭਾ | ऽ | ਗ |
| x | | 0 | | 2 | | 0 | | 3 | | 4 | |

### ਅੰਤਰਾ

| | | | | | | | | | | | |
|---|---|---|---|---|---|---|---|---|---|---|---|
| (ਰ)ਮ | (ਰ)ਮ | ਪ | ਨੁ | ਪ | – | (ਸਂ)ਨ | ਨ | ਸਂ | ਨ | ਸਂ | ਸਂ |
| ਸੰ | ऽ | ਤ | ਸੰ | ਗੇ | ऽ | ਮ | ਨ | ਪ | ਰ | ਫ | ੜੇ |
| ਨ | – | ਸਂ | (ਮਂ)ਰਂ | ਮਂ | ਰਂ | ਸਂ | (ਸਂ)ਨ | ਸਂ | ਨੁ | ਧੁਮੁ | ਪ, |
| ਮਿ | ऽ | ਲ | ਮੇ | ऽ | ਘ | ਧ | ਰ | ਸੁ | ਹਾ | ऽऽ | ਗ, |
| (ਮ)ਰ | (ਮ)ਰ | ਪ | ਮ | – | ਮ | | | | | | |
| ਹੋ | ਹਿ | ਆ | ਨੰ | ऽ | ਦ | | | | | | |
| x | | 0 | | 2 | | 0 | | 3 | | 4 | |

RNI Regd.No. 46788/89 ISSN 0972-2335

# ਸ਼ਬਦ ਅਰਥ

ਰਾਗ ਸੂਰਦਾਸੀ ਮਲ੍ਹਾਰ (ਇਕ ਤਾਲ)

ਬਰਸੁ ਸਰਸੁ ਆਗਿਆ ॥

Rain down with happiness in God's Will.

ਹੋਹਿ ਆਨੰਦ ਸਗਲ ਭਾਗ ॥੧॥ ਰਹਾਉ॥

Bless me with total bliss and good fortune. ||1||Pause||

ਸੰਤ ਸੰਗੇ ਮਨੁ ਪਰਫੜੈ ਮਿਲਿ ਮੇਘ ਧਰ ਸੁਹਾਗ ॥੧॥

My mind blossoms forth in the Society of the Saints; soaking up the rain, the earth is blessed and beautified. ||1||

ਘਨਘੋਰ ਪ੍ਰੀਤਿ ਮੋਰ ॥

The peacock loves the thunder of the rain clouds.

ਚਿਤੁ ਚਾਤ੍ਰਿਕ ਬੂੰਦ ਓਰ॥

The rainbird's mind is drawn to the rain-drop

ਐਸੋ ਹਰਿ ਸੰਗੇ ਮਨ ਮੋਹ ॥

- so is my mind enticed by the Lord.

ਤਿਆਗਿ ਮਾਇਆ ਧੋਹ ॥

I have renounced Maya, the deceiver.

ਮਿਲਿ ਸੰਤ ਨਾਨਕ ਜਾਗਿਆ ॥੨॥ (ਮਲਾਰ ਮਹਲਾ ੫)

Joining with the Saints, Nanak is awakened. ||2||5||27||